2-JAN-PAGE-1.qxd 1/1/2026 9:13 PM Page 1

ਸ਼ੁੱਕਰਵਾਰ, 2 ਜਨਵਰੀ, 2026
19 ਪੋਹ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 213

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • FRIDAY, 2 JANUARY, 2026
ਜਲੰਧਰ

ਕੀਮਤ/PRICE : 5.00 ਰੁਪਏ | Regd. No : L-4/Pb-JL-0023/2024-26, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

# ਪਾਵਨ ਸਰੂਪਾਂ ਦੇ ਕੇਸ 'ਚ ਸੁਖਬੀਰ ਦਾ ਕਰੀਬੀ ਸਤਿੰਦਰ ਕੋਹਲੀ ਗ੍ਰਿਫਤਾਰ

**ਅੰਮ੍ਰਿਤਸਰ/ਚੰਡੀਗੜ੍ਹ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ/ਗੁਰਜੀਤ ਬਿੱਲਾ)**

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 328 ਪਾਵਨ ਸਰੂਪਾਂ ਦੇ ਗਾਇਬ ਹੋਣ ਦੇ ਸੰਵੇਦਨਸ਼ੀਲ ਮਾਮਲੇ ਵਿੱਚ ਅੰਮ੍ਰਿਤਸਰ ਪੁਲਸ ਨੇ ਇੱਕ ਵੱਡੀ ਕਾਰਵਾਈ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਚਾਰਟਰਡ ਅਕਾਊਂਟੈਂਟ ਸਤਿੰਦਰ ਸਿੰਘ ਕੋਹਲੀ ਨੂੰ ਗ੍ਰਿਫਤਾਰ ਕਰ ਲਿਆ ਹੈ। ਇਸ ਤੋਂ ਬਾਅਦ ਬਾਕੀ ਮੁਲਜ਼ਮਾਂ ਵਿੱਚ ਹੜਕੰਪ ਮਚ ਗਿਆ ਹੈ। ਕੋਹਲੀ ਨੂੰ ਚੰਡੀਗੜ੍ਹ ਦੇ ਇੱਕ ਹੋਟਲ ਤੋਂ ਗ੍ਰਿਫਤਾਰ ਕਰਨ ਤੋਂ ਬਾਅਦ ਇਹ ਵੀ ਕਿਆਸਅਰਾਈਆਂ ਲਗਾਈਆਂ ਜਾ ਰਹੀਆਂ ਹਨ ਕਿ ਜਾਂਚ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੱਕ ਵੀ ਪੁੱਜ ਸਕਦੀ ਹੈ। ਕੋਹਲੀ, ਜਿੱਥੇ ਸ਼੍ਰੋਮਣੀ ਕਮੇਟੀ ਕੋਲੋਂ ਸਾਲਾਨਾ ਕਰੀਬ ਇੱਕ ਕਰੋੜ ਰੁਪਏ ਲੈਂਦੇ ਸਨ, ਉਥੇ ਉਹ ਸੁਖਬੀਰ ਸਿੰਘ ਬਾਦਲ ਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸੀ ਏ ਹਨ।

ਲਾਪਤਾ ਸਰੂਪਾਂ ਦੀ ਜਾਂਚ ਤੋਂ ਬਾਅਦ ਕੋਹਲੀ ਨੂੰ ਅਗਸਤ 2020 ਵਿੱਚ ਸ਼੍ਰੋਮਣੀ ਕਮੇਟੀ ਵਿੱਚੋਂ ਕੱਢ ਦਿੱਤਾ ਗਿਆ ਸੀ। ਜਾਂਚ ਕਮੇਟੀ ਨੇ ਕੋਹਲੀ, ਜਿਸ ਨੇ ਆਪਣੀ ਜ਼ਿੰਮੇਵਾਰੀ ਸਹੀ ਢੰਗ ਨਾਲ ਨਹੀਂ ਨਿਭਾਈ, ਕੋਲੋਂ ਦਿੱਤੀ ਤਨਖਾਹ ਵਿੱਚੋਂ 75 ਫੀਸਦੀ 7.20 ਕਰੋੜ ਵਾਪਸ ਲੈਣ ਦੀ ਵੀ ਸਿਫਾਰਸ਼ ਕੀਤੀ ਸੀ, ਪਰ ਇਸ ਸੰਬੰਧੀ ਹਾਲੇ ਕੋਈ ਕਾਰਵਾਈ ਨਹੀ ਹੋਈ। ਇਸ ਦੇ ਨਾਲ ਹੀ ਛੇ ਮੁਲਾਜ਼ਮਾਂ ਨੂੰ ਬਰਖਾਸਤ ਤੇ ਪੰਜ ਨੂੰ ਮੁਅੱਤਲ ਕੀਤਾ ਗਿਆ ਸੀ। ਇਸ ਕੇਸ ਦੇ ਤਿੰਨ ਮੁਲਜ਼ਮਾਂ ਦੀ ਮੌਤ ਹੋ ਚੁੱਕੀ ਹੈ, ਜਦ ਕਿ 13 ਵਿੱਚੋਂ ਇੱਕ ਵਿਦੇਸ਼ ਵਿੱਚ ਬੈਠਾ ਹੈ। 10 ਨੇ ਸੈਸ਼ਨ ਕੋਰਟ ਵਿੱਚ ਜ਼ਮਾਨਤ ਅਰਜ਼ੀ ਲਗਾਈ ਸੀ, ਜਿਸ ਨੂੰ ਖਾਰਜ ਕੀਤਾ ਜਾ ਚੁੱਕਾ ਹੈ। ਦੋ ਵਿਅਕਤੀਆਂ ਦਲਬੀਰ ਸਿੰਘ ਤੇ ਪਰਮਦੀਪ ਸਿੰਘ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਅੰਤਰਮ ਜ਼ਮਾਨਤ ਦੀ ਅਰਜ਼ੀ ਲਗਾਈ ਹੈ, ਜਿਸ ਦੀ ਸੁਣਵਾਈ 30 ਦਸੰਬਰ ਨੂੰ ਹੋਈ ਸੀ। ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਕੇ ਅਗਲੀ ਸੁਣਵਾਈ 9 ਜਨਵਰੀ ਨੂੰ ਤੈਅ ਕਰ ਦਿੱਤੀ ਸੀ।

## ਸਿੱਖ ਸੰਗਤਾਂ ਬਹੁਤ ਚਿਰ ਤੋਂ ਸਰਕਾਰ ਦਾ ਐਕਸ਼ਨ ਉਡੀਕ ਰਹੀਆਂ ਸਨ : ਧਾਲੀਵਾਲ, ਕਈ ਹੋਰ ਖੁਲਾਸੇ ਹੋਣਗੇ : ਬਲਤੇਜ ਪੰਨੂ

ਆਮ ਆਦਮੀ ਪਾਰਟੀ ਪੰਜਾਬ ਦੇ ਮੁੱਖ ਬੁਲਾਰੇ ਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਕੋਹਲੀ ਦੀ ਗ੍ਰਿਫਤਾਰੀ ਸਿੱਖ ਸੰਗਤਾਂ ਲਈ ਬਹੁਤ ਵੱਡੀ ਪ੍ਰਾਪਤੀ ਹੈ, ਜਿਸ ਦਾ ਪਿਛਲੇ ਚਾਰ-ਪੰਜ ਸਾਲਾਂ ਤੋਂ ਇੰਤਜ਼ਾਰ ਕੀਤਾ ਜਾ ਰਿਹਾ ਸੀ।ਕੋਹਲੀ ਲਾਪਤਾ ਸਰੂਪਾਂ ਦੇ ਮਾਮਲੇ ਵਿੱਚ ਮੁੱਖ ਮੁਲਜ਼ਮ ਹੈ।ਧਾਲੀਵਾਲ ਨੇ ਕਿਹਾ ਕਿ ਪਿਛਲੇ ਕਈ ਸਾਲਾਂ ਤੋਂ ਸਿੱਖ ਸੰਗਤਾਂ ਇਸ ਮਾਮਲੇ ਵਿੱਚ ਇਨਸਾਫ ਦੀ ਮੰਗ ਨੂੰ ਲੈ ਕੇ ਵੱਡੀ ਲਾਮਬੰਦੀ ਕਰਦੀਆਂ ਰਹੀਆਂ ਹਨ ਅਤੇ ਧਰਨੇ-ਪ੍ਰਦਰਸ਼ਨ ਕੀਤੇ ਗਏ ਹਨ।

ਪੰਥ ਦੇ ਪ੍ਰਸਿੱਧ ਕੀਰਤਨਏ ਭਾਈ ਬਲਦੇਵ ਸਿੰਘ ਵਡਾਲਾ ਦੀ ਅਗਵਾਈ ਵਿੱਚ ਵੀ ਵੱਡੀ ਲਾਮਬੰਦੀ ਹੋਈ ਸੀ। ਉਨ੍ਹਾ ਕਿਹਾ ਕਿ ਇਸ ਕੇਸ ਵਿੱਚ ਇਹ ਪਹਿਲੀ ਗ੍ਰਿਫਤਾਰੀ ਹੈ ਅਤੇ ਉਹ ਵੀ ਮੁੱਖ ਮੁਲਜ਼ਮ ਦੀ। ਧਾਲੀਵਾਲ ਨੇ ਸਿੱਖ ਸੰਗਤਾਂ ਨੂੰ ਵਿਸ਼ਵਾਸ ਦਿਵਾਇਆ ਕਿ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਨੂੰ ਲਾਪਤਾ ਕਰਨ ਵਾਲੇ ਸਾਰੇ ਦੋਸ਼ੀਆਂ ਨੂੰ ਫੜ ਕੇ ਜੇਲ੍ਹ ਦੀਆਂ ਸਲਾਖਾਂ ਪਿੱਛੇ ਭੇਜਿਆ ਜਾਵੇਗਾ। ਇਹ ਪੰਜਾਬ ਸਰਕਾਰ ਦੀ ਵਚਨਬੱਧਤਾ ਹੈ।

ਦੂਜੇ ਪਾਸੇ 'ਆਪ' ਪੰਜਾਬ ਦੇ ਸੀਨੀਅਰ ਆਗੂ ਬਲਤੇਜ ਪੰਨੂ ਨੇ ਦੱਸਿਆ ਕਿ ਹਾਈ ਕੋਰਟ ਨੇ ਪਿਛਲੇ ਦਿਨੀਂ ਪਾਵਨ ਸਰੂਪਾਂ ਦੀ ਗੁੰਮਸ਼ੁਦਗੀ ਨਾਲ ਸੰਬੰਧਤ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਜਾਂਚ ਦੇ ਨਿਰਦੇਸ਼ ਦਿੱਤੇ ਸਨ। ਇਸ ਤੋਂ ਬਾਅਦ ਪੰਜਾਬ ਪੁਲਸ ਨੇ 16 ਲੋਕਾਂ ਖਿਲਾਫ ਐੱਫ ਆਈ ਆਰ ਦਰਜ ਕੀਤੀ ਅਤੇ ਐੱਸ ਆਈ ਟੀ ਦਾ ਗਠਨ ਕੀਤਾ। ਪੰਨੂ ਨੇ ਦੱਸਿਆ ਕਿ ਸਾਰੇ 16 ਨਾਮਜ਼ਦ ਮੁਲਜ਼ਮਾਂ ਖਿਲਾਫ ਲੁੱਕ ਆਊਟ ਸਰਕੂਲਰ ਜਾਰੀ ਕੀਤਾ ਗਿਆ ਹੈ। ਕੋਹਲੀ ਦੇ ਗ੍ਰਿਫਤਾਰੀ ਵਾਰੰਟ ਪਹਿਲਾਂ ਹੀ ਜਾਰੀ ਸਨ, ਜੋ ਪੁਲਸ ਤੋਂ ਬਚਦੇ ਹੋਏ ਚੰਡੀਗੜ੍ਹ ਦੇ ਇੱਕ ਹੋਟਲ ਵਿੱਚ ਰੁਕਿਆ ਹੋਇਆ ਸੀ।

ਪੰਨੂ ਨੇ ਕਿਹਾ ਕਿ ਪੁਲਸ ਦੀ ਜਾਂਚ ਜਾਰੀ ਹੈ, ਉਮੀਦ ਹੈ ਕਿ ਇਸ ਮਾਮਲੇ ਵਿੱਚ ਕਈ ਹੋਰ ਖੁਲਾਸੇ ਹੋਣਗੇ, ਕਿਉਂਕਿ ਐੱਸ ਜੀ ਪੀ ਸੀ ਦਾ ਆਡਿਟ ਵੀ ਇਹੀ ਸੀ ਏ ਕਰਦਾ ਰਿਹਾ ਹੈ।

## ਖੜਗੇ ਵੱਲੋਂ ਜਨ-ਅੰਦੋਲਨ ਬਣਾਉਣ ਦਾ ਸੱਦਾ

**ਨਵੀਂ ਦਿੱਲੀ :** ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਵੀਰਵਾਰ ਨੂੰ ਦੇਸ਼ ਵਾਸੀਆਂ ਨੂੰ ਨਵੇਂ ਸਾਲ ਦੀਆਂ ਵਧਾਈਆਂ ਦਿੰਦਿਆਂ ਇੱਕ ਅਹਿਮ ਸੱਦਾ ਦਿੱਤਾ ਹੈ। ਉਨ੍ਹਾਂ ਨੇ ਕਮਜ਼ੋਰ ਵਰਗਾਂ ਦੇ ਅਧਿਕਾਰਾਂ- ਕੰਮ ਕਰਨ ਦਾ ਅਧਿਕਾਰ, ਵੋਟ ਪਾਉਣ ਦਾ ਅਧਿਕਾਰ ਅਤੇ ਸਨਮਾਨ ਨਾਲ ਜਿਊਣ ਦੇ ਅਧਿਕਾਰ ਦੀ ਰਾਖੀ ਲਈ ਇਸ ਸਾਲ ਨੂੰ ਇੱਕ 'ਜਨ-ਅੰਦੋਲਨ' ਵਜੋਂ ਮਨਾਉਣ ਦੀ ਅਪੀਲ ਕੀਤੀ। ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਇੱਕ ਪੋਸਟ ਰਾਹੀਂ ਖੜਗੇ ਨੇ ਸੰਵਿਧਾਨ ਅਤੇ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਸੁਰੱਖਿਅਤ ਰੱਖਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ, " ਆਓ ਮਿਲ ਕੇ ਆਪਣੇ

ਸੰਵਿਧਾਨ ਦੀ ਰਾਖੀ ਕਰੀਏ, ਨਾਗਰਿਕਾਂ ਨੂੰ ਸ਼ਕਤੀਸ਼ਾਲੀ ਬਣਾਈਏ ਅਤੇ ਸਮਾਜ ਵਿੱਚ ਸਦਭਾਵਨਾ ਨੂੰ ਮਜ਼ਬੂਤ ਕਰੀਏ। ਉਨ੍ਹਾਂ ਨੇ ਨੌਜਵਾਨਾਂ ਲਈ ਰੁਜ਼ਗਾਰ, ਔਰਤਾਂ ਦੀ ਸੁਰੱਖਿਆ, ਕਿਸਾਨਾਂ ਦੀ ਖੁਸ਼ਹਾਲੀ ਅਤੇ ਹਾਸ਼ੀਏ 'ਤੇ ਪਏ ਲੋਕਾਂ ਲਈ ਸਨਮਾਨਜਨਕ ਜੀਵਨ ਨੂੰ ਸਾਂਝਾ ਸੰਕਲਪ ਬਣਾਉਣ ਦੀ ਗੱਲ ਕਹੀ। ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਵੀ ਦੇਸ਼ ਵਾਸੀਆਂ ਨੂੰ ਨਵੇਂ ਸਾਲ ਦੀ ਮੁਬਾਰਕਬਾਦ ਦਿੱਤੀ। ਉਨ੍ਹਾਂ ਨੇ ਆਪਣੀ ਪੋਸਟ ਵਿੱਚ ਲਿਖਿਆ, "ਤੁਹਾਨੂੰ ਸਾਰਿਆਂ ਨੂੰ ਨਵਾਂ ਸਾਲ ਮੁਬਾਰਕ। ਉਮੀਦ ਹੈ ਕਿ ਇਹ ਸਾਲ ਤੁਹਾਡੇ ਲਈ ਬਹੁਤ ਸਾਰੀਆਂ ਖੁਸ਼ੀਆਂ, ਚੰਗੀ ਸਿਹਤ ਅਤੇ ਸਫ਼ਲਤਾ ਲੈ ਕੇ ਆਵੇਗਾ।

ਹਜ਼ਾਰਾਂ ਲੋਕਾਂ ਨੇ ਨਵੇਂ ਸਾਲ ਦੀ ਸ਼ੁਰੂਆਤ ਸ੍ਰੀ ਦਰਬਾਰ ਸਾਹਿਬ 'ਚ ਮੱਥਾ ਟੇਕ ਕੇ ਕੀਤੀ।

# ਸਾਲ ਦੇ ਪਹਿਲੇ ਦਿਨ ਮੀਂਹ, ਠੰਢ ਵਧਣ ਦੀ ਚਿਤਾਵਨੀ

**ਚੰਡੀਗੜ੍ਹ :** ਸਾਲ 2026 ਦੇ ਪਹਿਲੇ ਦਿਨ ਪੰਜਾਬ ਵਿੱਚ ਜਲੰਧਰ ਸਮੇਤ ਕਈ ਥਾਵਾਂ 'ਤੇ ਮੀਂਹ ਪੈਣ ਦੀਆਂ ਰਿਪੋਰਟਾਂ ਹਨ। ਮੁਹਾਲੀ, ਚੰਡੀਗੜ੍ਹ ਤੇ ਆਸ-ਪਾਸ ਖੇਤਰ ਵਿੱਚ ਹਲਕੀ ਬਾਰਿਸ਼ ਹੋਈ, ਜਿਸ ਕਾਰਨ ਠੰਢ ਦਾ ਅਸਰ ਹੋਰ ਵਧ ਗਿਆ ਹੈ। ਭਾਰਤੀ ਮੌਸਮ ਵਿਭਾਗ ਦੇ ਵਿਗਿਆਨੀ ਡਾ. ਨਰੇਸ਼ ਕੁਮਾਰ ਨੇ ਦੱਸਿਆ ਕਿ ਉੱਤਰੀ ਭਾਰਤ ਵਿੱਚ ਪਿਛਲੇ ਕਰੀਬ ਦੋ ਹਫ਼ਤਿਆਂ ਤੋਂ ਸੰਘਣੀ ਧੁੰਦ ਛਾਈ ਹੋਈ ਹੈ ਅਤੇ ਅੱਜ ਨਵੇਂ ਸਾਲ ਵਾਲੇ ਦਿਨ ਆਸਮਾਨ ਵਿੱਚ ਬੱਦਲ ਛਾਏ ਰਹਿਣ ਦੇ ਨਾਲ-ਨਾਲ ਦਿਨ ਵੇਲੇ ਵੀ ਠੰਢ ਦਾ ਪ੍ਰਕੋਪ ਜਾਰੀ ਰਹਿਣ ਦੀ ਸੰਭਾਵਨਾ ਹੈ। ਇਸ ਦੌਰਾਨ ਸਕਾਈਮੈਟ ਦੇ ਮੌਸਮ ਵਿਗਿਆਨੀ ਮਹੇਸ਼ ਪਲਾਵਤ ਅਨੁਸਾਰ ਪੰਜਾਬ ਅਤੇ ਹਰਿਆਣਾ ਦੇ ਉੱਪਰ ਬਣੇ ਚੱਕਰਵਾਤੀ ਸਰਕੂਲੇਸ਼ਨ ਕਾਰਨ ਦਿੱਲੀ ਅਤੇ ਐਨ.ਸੀ.ਆਰ ਵਿੱਚ ਵੀ ਮੌਸਮ ਦੀ ਪਹਿਲੀ ਹਲਕੀ ਬਾਰਿਸ਼ ਹੋ ਸਕਦੀ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ 3 ਜਨਵਰੀ ਤੋਂ ਸੀਤ ਲਹਿਰ ਚੱਲਣ ਕਾਰਨ ਘੱਟੋ-ਘੱਟ ਤਾਪਮਾਨ 5 ਡਿਗਰੀ ਸੈਲਸੀਅਸ ਤੋਂ ਹੇਠਾਂ ਡਿੱਗ ਸਕਦਾ ਹੈ।

ਕਸ਼ਮੀਰ ਵਿੱਚ ਨਵੇਂ ਸਾਲ ਦਾ ਸਵਾਗਤ ਵਾਦੀ ਦੇ ਪ੍ਰਸਿੱਧ ਸੈਰ-ਸਪਾਟਾ ਸਥਾਨਾਂ ਅਤੇ ਉੱਚੇ ਇਲਾਕਿਆਂ ਵਿੱਚ ਹੋਈ ਤਾਜ਼ਾ ਬਰਫ਼ਬਾਰੀ ਨਾਲ ਹੋਇਆ ਹੈ । ਅਧਿਕਾਰੀਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਗੁਲਮਰਗ, ਪਹਿਲਗਾਮ ਅਤੇ ਸੋਨਮਰਗ ਸਮੇਤ ਸੈਰ-ਸਪਾਟਾ ਸਥਾਨਾਂ 'ਤੇ ਰਾਤ ਭਰ ਤਾਜ਼ਾ ਬਰਫ਼ਬਾਰੀ ਹੋਈ ਜੋ ਵੀਰਵਾਰ ਸਵੇਰ ਤੱਕ ਜਾਰੀ ਰਹੀ, ਜਿਸ ਨੇ ਵੱਡੀ ਗਿਣਤੀ ਵਿੱਚ ਸੈਲਾਨੀਆਂ ਨੂੰ ਆਪਣੇ ਵੱਲ ਖਿੱਚਿਆ। ਅਧਿਕਾਰੀਆਂ ਅਨੁਸਾਰ ਕਈ ਉੱਚੇ ਇਲਾਕਿਆਂ-ਗੁਰੇਜ਼ ਵਿੱਚ ਤੁਲੈਲ ਘਾਟੀ, ਬਾਂਦੀਪੋਰਾ ਵਿੱਚ ਰਾਜ਼ਦਾਨ ਟਾਪ, ਕੁਪਵਾੜਾ ਵਿੱਚ ਮਾਛਿਲ ਅਤੇ ਸਾਧਨਾ ਟਾਪ, ਅਤੇ ਜ਼ੋਜਿਲਾ ਪਾਸ ਵਿੱਚ ਵੀ ਤਾਜ਼ਾ ਬਰਫ਼ਬਾਰੀ ਹੋਈ ਹੈ। ਉਨ੍ਹਾਂ ਕਿਹਾ ਕਿ ਕੁਝ ਖੇਤਰਾਂ ਵਿੱਚ ਹਲਕੀ ਬਾਰਿਸ਼/ਬਰਫ਼ਬਾਰੀ ਦੀ ਸੰਭਾਵਨਾ ਹੈ ਕਿਉਂਕਿ ਮੌਜੂਦਾ ਪੱਛਮੀ ਗੜਬੜੀ ਦਾ ਪਿਛਲਾ ਹਿੱਸਾ ਸ਼ਾਮ ਤੱਕ ਹਟ ਜਾਵੇਗਾ, ਜਿਸ ਨਾਲ ਮੌਸਮ ਵਿੱਚ ਹੌਲੀ-ਹੌਲੀ ਸੁਧਾਰ ਹੋਵੇਗਾ। ਹਾਲਾਂਕਿ ਸ਼ੁੱਕਰਵਾਰ ਨੂੰ ਵੱਖ-ਵੱਖ ਥਾਵਾਂ 'ਤੇ ਹਲਕੀ ਬਾਰਿਸ਼ ਜਾਂ ਬਰਫ਼ਬਾਰੀ ਦਾ ਇੱਕ ਸੰਖੇਪ ਦੌਰ ਆ ਸਕਦਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਬੱਦਲਵਾਈ ਕਾਰਨ ਰਾਤ ਦਾ ਤਾਪਮਾਨ ਮੌਸਮੀ ਔਸਤ ਨਾਲੋਂ ਉੱਚਾ ਰਿਹਾ ਅਤੇ ਜ਼ਿਆਦਾਤਰ ਥਾਵਾਂ 'ਤੇ ਜੰਮਣ ਦੇ ਬਿੰਦੂ ਤੋਂ ਉੱਪਰ ਦਰਜ ਕੀਤਾ ਗਿਆ। ਤਾਜ਼ਾ ਬਰਫ਼ ਦੇ ਬਾਵਜੂਦ ਵਾਦੀ ਵਿੱਚ ਅਸਾਧਾਰਨ ਤੌਰ 'ਤੇ ਨਿੱਘੀ ਸਰਦੀ ਦਾ ਅਨੁਭਵ ਜਾਰੀ ਹੈ, ਜਿੱਥੇ ਤਾਪਮਾਨ ਮੌਸਮੀ ਔਸਤ ਤੋਂ 1.2 ਤੋਂ 6.3 ਡਿਗਰੀ ਸੈਲਸੀਅਸ ਉੱਪਰ ਰਿਹਾ।

## ਠੰਢ ਤਾਂ ਇਨ੍ਹਾਂ ਨੂੰ ਵੀ ਲੱਗਦੀ

**ਲਹਿਰਾਗਾਗਾ (ਗੀਤਵਾਲ)**-ਠੰਢ ਕਾਰਨ ਸ਼ਹਿਰ ਵਿੱਚ ਜਿੱਥੇ ਥਾਂ-ਥਾਂ ਧੂਣੀਆਂ ਲਾ ਕੇ ਦੁਕਾਨਦਾਰ ਤੇ ਹੋਰ ਆਉਣ-ਜਾਣ ਵਾਲੇ ਅੱਗ ਸੇਕ ਰਹੇ ਹਨ, ਉਥੇ ਬਾਂਦਰ ਵੀ ਧੂਣੀਆਂ ਕੋਲ ਆ ਬਹਿੰਦੇ ਹਨ। ਸ਼ਹਿਰ ਵਿੱਚ ਹਜ਼ਾਰਾਂ ਬਾਂਦਰ ਰਹਿੰਦੇ ਹਨ। ਸ਼ਹਿਰ ਵਾਸੀ ਇਹਨਾਂ ਨੂੰ ਕੇਲੇ, ਮਿੱਠੀਆਂ ਰੋਟੀਆਂ, ਛੋਲੇ ਅਤੇ ਹੋਰ ਸਮਾਨ ਆਦਿ ਪਾਉਂਦੇ ਹਨ।

## ਵਾਹਨ ਦੀ ਟੱਕਰ ਕਾਰਨ 3 ਦੀ ਮੌਤ

**ਹੁਸ਼ਿਆਰਪੁਰ :** ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਗੜ੍ਹਸ਼ੰਕਰ ਇਲਾਕੇ ਵਿੱਚ ਵੀਰਵਾਰ ਸਵੇਰੇ ਇੱਕ ਅਣਪਛਾਤੇ ਵਾਹਨ ਵੱਲੋਂ ਮੋਟਰਸਾਈਕਲ ਨੂੰ ਟੱਕਰ ਮਾਰਨ ਕਰਕੇ ਤਿੰਨ ਨੌਜਵਾਨਾਂ ਦੀ ਮੌਤ ਹੋ ਗਈ ਅਤੇ ਇੱਕ ਹੋਰ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਇਹ ਜਾਣਕਾਰੀ ਪੁਲਸ ਪ੍ਰਸ਼ਾਸਨ ਵੱਲੋਂ ਸਾਂਝੀ ਕੀਤੀ ਗਈ ਹੈ। ਵੇਰਵਿਆਂ ਅਨੁਸਾਰ ਇਹ ਹਾਦਸਾ ਪਿੰਡ ਬੋੜਾ ਵਿੱਚ ਵਾਟਰ ਸਪਲਾਈ ਦਫ਼ਤਰ ਦੇ ਨੇੜੇ ਉਸ ਸਮੇਂ ਵਾਪਰਿਆ ਜਦੋਂ ਇਹ ਚਾਰੇ ਵਿਅਕਤੀ ਮੋਟਰਸਾਈਕਲ 'ਤੇ ਸਵਾਰ ਹੋ ਕੇ ਸ੍ਰੀ ਅਨੰਦਪੁਰ ਸਾਹਿਬ ਤੋਂ ਗੜ੍ਹਸ਼ੰਕਰ ਵੱਲ ਜਾ ਰਹੇ ਸਨ। ਪੁਲਸ ਅਨੁਸਾਰ ਤਿੰਨ ਨੌਜਵਾਨਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦ ਕਿ ਚੌਥਾ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਸੂਚਨਾ ਮਿਲਣ 'ਤੇ ਪੁਲਸ ਮੁਲਾਜ਼ਮਾਂ ਨੇ ਮੌਕੇ 'ਤੇ ਪਹੁੰਚ ਕੇ ਲਾਸ਼ਾਂ ਨੂੰ ਪੋਸਟਮਾਰਟਮ ਲਈ ਗੜ੍ਹਸ਼ੰਕਰ ਦੇ ਸਿਵਲ ਹਸਪਤਾਲ ਭੇਜਿਆ।

## ਜਸ਼ਨਾਂ ਦੌਰਾਨ ਅੱਗ, 40 ਮੌਤਾਂ

**ਬਰਲਿਨ :** ਸਵਿਸ ਆਲਪਸ ਦੇ ਇੱਕ ਬਾਰ ਵਿੱਚ ਨਵੇਂ ਸਾਲ ਦੇ ਜਸ਼ਨਾਂ ਦੌਰਾਨ ਭਿਆਨਕ ਅੱਗ ਲੱਗਣ ਕਾਰਨ 40 ਲੋਕਾਂ ਦੀ ਮੌਤ ਹੋ ਗਈ ਅਤੇ 100 ਤੋਂ ਵੱਧ ਜ਼ਖ਼ਮੀ ਹੋ ਗਏ। ਪੁਲਸ ਅਨੁਸਾਰ ਸਵਿਟਜ਼ਰਲੈਂਡ ਦੀ ਐਲਪਾਈਨ ਸਕੀ ਰਿਜ਼ੌਰਟ ਨਗਰਪਾਲਿਕਾ ਕ੍ਰੈਨਸ-ਮੋਂਟਾਨਾ ਵਿੱਚ ਇਹ ਘਟਨਾ ਵਾਪਰੀ। ਪੁਲਸ ਬੁਲਾਰੇ ਗੈਟਨ ਲੈਥੀਅਨ ਨੇ ਦੱਸਿਆ, ਵੀਰਵਾਰ ਤੜਕੇ ਲੱਗਭੱਗ 1:30 ਵਜੇ 'ਲੇ ਕੰਸਟੈਲੇਸ਼ਨ' ਨਾਮਕ ਬਾਰ ਵਿੱਚ ਲੱਗੀ।

## ਨਾਮਵਰ ਵਿਦਵਾਨ ਜੈਤੇਗ ਸਿੰਘ ਅਨੰਤ ਦਾ ਦੇਹਾਂਤ

**ਪਟਿਆਲਾ :** ਨਾਮਵਰ ਸਿੱਖ ਵਿਦਵਾਨ ਜੈਤੇਗ ਸਿੰਘ ਅਨੰਤ ਦਾ 79 ਸਾਲ ਦੀ ਉਮਰ ਵਿੱਚ ਕੈਨੇਡਾ ਦੇ ਸਰੀ ਸ਼ਹਿਰ ਵਿੱਚ ਲੰਮੀ ਬਿਮਾਰੀ ਤੋਂ ਬਾਅਦ ਦੇਹਾਂਤ ਹੋ ਗਿਆ। ਉਹ ਗੁਰਦਿਆਂ ਦੀ ਬਿਮਾਰੀ ਤੋਂ ਪੀੜਤ ਸਨ। ਪੰਜਾਬੀ ਸਾਹਿਤ, ਇਤਿਹਾਸ ਅਤੇ ਫੋਟੋਗ੍ਰਾਫ਼ੀ ਵਿੱਚ ਉਨ੍ਹਾ ਦਾ ਵਡਮੁੱਲਾ ਯੋਗਦਾਨ ਹਮੇਸ਼ਾ ਯਾਦ ਕੀਤਾ ਜਾਵੇਗਾ। ਉਨ੍ਹਾ ਸਾਹਿਤ, ਸੁਤੰਤਰਤਾ ਸੰਗਰਾਮ, ਸਿੱਖ ਇਤਿਹਾਸ, ਕਲਾ, ਸੰਗੀਤ, ਸੱਭਿਆਚਾਰ ਅਤੇ ਵਿਰਾਸਤ ਨਾਲ ਸੰਬੰਧਤ ਦੋ ਦਰਜਨ ਪੁਸਤਕਾਂ ਪੰਜਾਬੀ ਮਾਂ ਬੋਲੀ ਦੀ ਝੋਲੀ ਵਿੱਚ ਪਾਈਆਂ। ਉਹ ਸਿੱਖ ਸੋਚ ਦੇ ਧਾਰਨੀ ਸਨ। ਉਹ ਦੋਸਤਾਂ ਦੇ ਦੋਸਤ ਸਨ। ਉਨ੍ਹਾ ਦੇ ਕਦਰ

2-JAN-PAGE-1.qxd 1/1/2026 9:14 PM Page 2



## ਸੁਨੀਲ ਕੁਮਾਰ ਬਣੇ ਮੁਕਤਸਰ ਫੋਟੋਗ੍ਰਾਫਰ ਐਸੋ. ਦੇ ਪ੍ਰਧਾਨ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਮੁਕਤਸਰ ਫੋਟੋਗ੍ਰਾਫਰ ਐਸੋਸੀਏਸ਼ਨ ਦੀ ਪ੍ਰਧਾਨਗੀ ਦੀ ਚੋਣ ਰਜਿੰਦਰ ਸਿੰਘ ਧੁੰਨਾ ਦੀ ਅਗਵਾਈ ਹੇਠ ਹੋਈ, ਜਿਸ 'ਚ ਸੁਨੀਲ ਕੁਮਾਰ ਸੰਨੀ ਨੂੰ ਐਸੋਸੀਏਸ਼ਨ ਦਾ ਪ੍ਰਧਾਨ ਚੁਣਿਆ ਗਿਆ, ਜਦਕਿ ਸੰਜੇ ਕੁਮਾਰ ਨੂੰ ਮੀਤ ਪ੍ਰਧਾਨ ਬਣਾਇਆ ਗਿਆ। ਇਸ ਮੌਕੇ ਸਾਰੇ ਅਹੁਦੇਦਾਰਾਂ ਤੇ ਮੈਂਬਰਾਂ ਨੇ ਨਵੇਂ ਬਣੇ ਪ੍ਰਧਾਨ ਤੇ ਮੀਤ ਪ੍ਰਧਾਨ ਨੂੰ ਹਾਰ ਪਵਾ ਕੇ ਨਿਯੁਕਤੀ ਦਾ ਸਵਾਗਤ ਕੀਤਾ।ਇਸ ਮੌਕੇ ਪੰਜਾਬ ਫੋਟੋਗ੍ਰਾਫਰ ਐਸੋਸੀਏਸ਼ਨ ਦੇ ਵਰਕਿੰਗ ਕਮੇਟੀ ਮੈਂਬਰ ਤਨਵੀਨ ਸਿੰਘ ਮੱਕੜ, ਸਾਬਕਾ ਜ਼ਿਲ੍ਹਾ ਪ੍ਰਧਾਨ ਤਿਲਕ ਰਾਜ ਕਾਂਤੀ, ਕੁਲਦੀਪ ਕੁਮਾਰ ਅਭੀ, ਪਵਨ ਬੋਹਤ, ਦੀਪਕ ਬੇਦੀ, ਨੀਟਾ, ਰਾਜ ਕਪੂਰ, ਪਵਨ ਕੁਮਾਰ ਸਮੇਤ ਹੋਰ ਫੋਟੋਗ੍ਰਾਫਰ ਵੀ ਮੌਜੂਦ ਸਨ।

## ਸ਼ੇਰ ਏ ਪੰਜਾਬ ਯੂਨੀਅਨ ਵੱਲੋਂ ਕਿਸਾਨੀ ਮਸਲਿਆਂ ਬਾਰੇ ਚਰਚਾ

**ਬੱਧਨੀ ਕਲਾਂ (ਲਵਲੀ ਕੁਮਾਰ)**-ਸ਼ੇਰ ਏ ਪੰਜਾਬ ਕਿਸਾਨ ਯੂਨੀਅਨ ਦੀ ਮੀਟਿੰਗ ਆਤਮਾ ਸਿੰਘ ਧੂੜਕੋਟ ਰਣਸੀਂਹ ਦੀ ਰਹਿਨੁਮਾਈ ਹੇਠ ਹੋਈ, ਜਿਸ ਵਿੱਚ ਕਿਸਾਨੀ ਮਸਲਿਆਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਸ਼ੇਰ ਏ ਪੰਜਾਬ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਆਤਮਾ ਸਿੰਘ ਧੂੜਕੋਟ ਰਣਸੀਂਹ ਨੇ ਕਿਹਾ ਕਿ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਨਵੇਂ-ਨਵੇਂ ਤਰੀਕਿਆਂ ਨਾਲ ਡਾਕੇ ਮਾਰਨੇ ਤੇ ਅਧਿਕਾਰ ਖੋਹਣ ਤੇ ਦੂਜੇ ਪਾਸੇ ਇਨ੍ਹਾਂ ਮਸਲਿਆਂ ਸਬੰਧੀ ਪੰਜਾਬ ਸਰਕਾਰ ਚੁੱਪ ਤੇ ਹੋਰ ਸਿਆਸੀ ਪਾਰਟੀਆਂ ਕੁੰਭਕਰਨੀ ਨੀਂਦ ਸੁੱਤੇ ਹੋਣਾ ਸਮਾਜ ਲਈ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਪਿਆ ਹੈ, ਸਬੰਧੀ ਸੁਝਾਅ ਮੰਗੇ, ਜਿਸ ਵਿੱਚ ਪੰਜਾਬ ਸਰਕਾਰ ਨੇ ਚੁੱਪ ਧਾਰੀ ਹੋਈ ਹੈ।ਇਸ ਦਾ ਸਿੱਧਾ ਮਤਲਬ ਕੇਂਦਰ ਮਾਰੂ ਬਿਜਲੀ ਬਿੱਲਾਂ ਦਾ ਸਮਰਥਨ ਕਰਨਾ ਹੈ।ਕਿਸਾਨ ਆਗੂਆਂ ਨੇ ਕਿਹਾ ਕਿ 9 ਜਨਵਰੀ 2026 ਨੂੰ ਵਿਧਾਇਕਾਂ ਦੀਆਂ ਕੋਠੀਆਂ ਅੱਗੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ ਤੇ ਮੰਗ ਪੱਤਰ ਦਿੱਤੇ ਜਾਣਗੇ। ਕਿਸਾਨ ਯੂਨੀਅਨ ਦੇ ਆਗੂਆਂ ਨੇ ਕਿਹਾ ਕਿ ਬਿਜਲੀ ਤੇ ਬੀਜ ਸੋਧ ਬਿੱਲ 'ਤੇ ਸਰਕਾਰ ਵੱਲੋਂ ਕੋਈ ਵੀ ਇਤਰਾਜ਼ ਨਹੀਂ ਕੀਤਾ ਗਿਆ ਅਤੇ ਨਾ ਹੀ ਵਿਧਾਨ ਸਭਾ ਸੈਸ਼ਨ ਵਿੱਚ ਬਿੱਲ ਪੇਸ਼ ਕਰਕੇ ਵਿਰੋਧ ਕਰਨ ਦੀ ਗੱਲ ਕੀਤੀ ਗਈ।ਉਸ ਤੋਂ ਬਾਅਦ ਕੇਂਦਰ ਸਰਕਾਰ ਨੇ 8 ਨਵੰਬਰ ਤੇ ਫਿਰ 30 ਨਵੰਬਰ ਤੱਕ ਇਸ ਬਿੱਲ ਸਬੰਧੀ ਸੁਝਾਅ ਮੰਗੇ, ਜਿਸ ਵਿੱਚ ਪੰਜਾਬ ਸਰਕਾਰ ਨੇ ਚੁੱਪ ਧਾਰੀ ਹੋਈ ਹੈ, ਜਿਸ ਦਾ ਮਤਲਬ ਕੇਂਦਰ ਮਾਰੂ ਬਿਜਲੀ ਬਿੱਲਾਂ ਦਾ ਸਮਰਥਨ ਕਰਨਾ ਹੈ। ਕਿਸਾਨ ਆਗੂਆਂ ਨੇ ਕਿਹਾ ਕਿ 9 ਜਨਵਰੀ 2026 ਨੂੰ ਵਿਧਾਇਕਾਂ ਦੇ ਘਰਾਂ ਅੱਗੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ ਤੇ ਮੰਗ ਪੱਤਰ ਦਿੱਤੇ ਜਾਣਗੇ।ਇਸ ਮੌਕੇ ਸ਼ੇਰ ਏ ਪੰਜਾਬ ਕਿਸਾਨ ਯੂਨੀਅਨ ਦੇ ਆਗੂ ਹਾਜ਼ਰ ਸਨ।

## ਜੀ ਆਈ ਐੱਮ ਟੀ ਕਾਲਜ 'ਚ ਨਵੇਂ ਸਾਲ ਦਾ ਜਸ਼ਨ ਮਨਾਇਆ

**ਬੁਢਲਾਡਾ (ਅਸ਼ੋਕ ਲਾਕੜਾ)**-ਜੀ ਆਈ ਐੱਮ ਟੀ ਕਾਲਜ ਬੁਢਲਾਡਾ ਵਿਖੇ ਨਵੇਂ ਸਾਲ ਦੇ ਮੌਕੇ ਚੇਅਰਮੈਨ ਡਾ. ਨਵੀਨ ਸਿੰਗਲਾ, ਪ੍ਰਿੰਸੀਪਲ ਡਾ. ਰੇਖਾ ਤੇ ਸਮੂਹ ਸਟਾਫ ਮੈਂਬਰਾਂ ਨੇ ਵਿਦਿਆਰਥੀਆਂ ਨਾਲ ਮਿਲ ਕੇ ਖੁਸ਼ੀਆਂ ਭਰਿਆ ਜਸ਼ਨ ਮਨਾਇਆ।ਇਸ ਮੌਕੇ ਕਾਲਜ ਦਾ ਮਾਹੌਲ ਉਤਸ਼ਾਹ, ਉਮੀਦ ਤੇ ਰੰਗੀਨ ਸਰਗਰਮੀਆਂ ਨਾਲ ਗੂੰਜ ਉੱਠਿਆ।ਜਸ਼ਨ ਦੌਰਾਨ ਵਿਦਿਆਰਥੀਆਂ ਵੱਲੋਂ ਗਿੱਧਾ, ਭੰਗੜਾ ਤੇ ਸੁਰੀਲੇ ਗੀਤ ਪੇਸ਼ ਕੀਤੇ ਗਏ, ਜਿਨ੍ਹਾਂ ਨਾਲ ਸਾਰਾ ਪ੍ਰੋਗਰਾਮ ਖੁਸ਼ਨੁਮਾ ਬਣ ਗਿਆ।ਇਸ ਮੌਕੇ ਚੇਅਰਮੈਨ ਡਾ. ਨਵੀਨ ਸਿੰਗਲਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨਵੇਂ ਸਾਲ ਵਿੱਚ ਉਹ ਪੜ੍ਹਾਈ ਦੇ ਨਾਲ-ਨਾਲ ਆਪਣੇ ਚਰਿੱਤਰ, ਆਚਰਨ ਤੇ ਸਮਾਜਿਕ ਜ਼ਿੰਮੇਵਾਰੀਆਂ 'ਤੇ ਵੀ ਖਾਸ ਧਿਆਨ ਦੇਣ।ਉਨ੍ਹਾਂ ਨੇ ਮਾਤਾ-ਪਿਤਾ ਤੇ ਅਧਿਆਪਕਾਂ ਦੇ ਆਦਰ ਦੇ ਨਾਲ ਨਾਲ ਦੇਸ਼ ਦਾ ਨਾਮ ਰੌਸ਼ਨ ਕਰਨ ਵਾਲੇ ਜ਼ਿੰਮੇਵਾਰ ਨਾਗਰਿਕ ਬਣਨ ਦੀ ਪ੍ਰੇਰਣਾ ਦਿੱਤੀ।ਪ੍ਰਿੰਸੀਪਲ ਡਾ. ਰੇਖਾ ਨੇ ਵਿਦਿਆਰਥੀਆਂ ਨੂੰ ਨਵੇਂ ਸਾਲ ਦੀਆਂ ਸ਼ੁੱਭ-ਕਾਮਨਾਵਾਂ ਦਿੰਦਿਆਂ ਉਨ੍ਹਾਂ ਦੇ ਸੁਹਾਵਣੇ ਭਵਿੱਖ ਦੀ ਕਾਮਨਾ ਕੀਤੀ ਤੇ ਪੜ੍ਹਾਈ ਵਿੱਚ ਲਗਨ ਨਾਲ ਅੱਗੇ ਵਧਣ ਲਈ ਉਤਸ਼ਾਹਤ ਕੀਤਾ।

## ਨਗਰ ਪੰਚਾਇਤ ਦਫਤਰ 'ਚ ਸੁਖਮਨੀ ਸਾਹਿਬ ਦੇ ਜਾਪ ਕਰਵਾਏ

**ਮਮਦੋਟ (ਜਸਬੀਰ ਸਿੰਘ ਕੰਬੋਜ)**-ਨਗਰ ਪੰਚਾਇਤ ਮਮਦੋਟ ਦੇ ਪ੍ਰਧਾਨ,ਸਮੂਹ ਸਟਾਫ ਅਤੇ ਐੱਮ ਸੀ ਸਹਿਬਾਨ ਵੱਲੋਂ ਨਵੇਂ ਸਾਲ ਦੇ ਸ਼ੁੱਭ ਮੌਕੇ ਨਗਰ ਪੰਚਾਇਤ ਦਫਤਰ ਮਮਦੋਟ ਵਿਖੇ ਸੁਖਮਨੀ ਸਾਹਿਬ ਜੀ ਦੇ ਪਾਠ ਕਰਾਏ ਗਏ. ਉਪਿੰਦਰ ਸਿੰਘ ਸਿੰਧੀ ਪ੍ਰਧਾਨ ਨਗਰ ਪੰਚਾਇਤ ਵੱਲੋਂ ਬੜੇ ਆਦਰ ਸਤਿਕਾਰ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣੇ ਦਫਤਰ ਵਿਖੇ ਸੁਸੋਭਿਤ ਕਰਵਾਇਆ ਗਿਆ ਤੇ ਸੁਖਮਨੀ ਸਾਹਿਬ ਜੀ ਦੇ ਜਾਪੁ ਕਰਵਾਏ ਗਏ। ਪਾਠ ਦੇ ਭੋਗ ਉਪਰੰਤ ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਐਡਵੋਕੇਟ ਰਜਨੀਸ਼ ਦਹੀਆ ਐੱਮ ਐੱਲ ਏ ਹਲਕਾ ਫਿਰੋਜ਼ਪੁਰ ਦਿਹਾਤੀ ਨੂੰ ਪ੍ਰਧਾਨ ਨਗਰ ਪੰਚਾਇਤ ਵੱਲੋਂ ਸਿਰੋਪਾ ਭੇਟ ਕਰਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਪੁੱਜੇ ਬਾਲ ਰਾਸ਼ਟਰੀ ਪੁਰਸਕਾਰ ਹਾਸਲ ਕਰਨ ਵਾਲੇ ਨਜ਼ਦੀਕੀ ਪਿੰਡ ਤਰਾਂਵਾਲੀ ਦਾ ਵਸਨੀਕ ਸ਼ਵਣ ਸਿੰਘ ਨੂੰ ਵਿਧਾਇਕ ਵੱਲੋਂ ਸਿਰੋਪਾ ਭੇਟ ਕਰਕੇ ਸਨਾਮਨਤ ਕੀਤਾ ਗਿਆ। ਇਸ ਮੌਕੇ ਸ੍ਰੀ ਦਹੀਆ ਨੂੰ ਸਮੂਹ ਹਲਕਾ ਨਿਵਾਸੀਆਂ ਨੇ ਨਵੇਂ ਸਾਲ ਦੀਆਂ ਮੁਬਾਰਕਾਂ ਦਿੱਤੀਆਂ। ਇਸ ਮੌਕੇ ਬਲਰਾਜ ਸਿੰਘ ਚੇਅਰਮੈਨ ਮਾਰਕੀਟ ਕਮੇਟੀ ਮਮਦੋਟ, ਸੀਨੀਅਰ ਆਗੂ ਨਿਰਵੈਰ ਸਿੰਘ ਸਿੰਧੀ, ਐੱਮ ਸੀ ਦਲਜੀਤ ਸਿੰਘ ਬਾਬਾ, ਕੇਵਲ ਕ੍ਰਿਸ਼ਨ ਵਿਪਿਨ, ਹਰਜਿੰਦਰ ਸਿੰਘ ਸਿੰਧੀ, ਡਾਕਟਰ ਦਲਜੀਤ ਸਿੰਘ ਜੋਸਨ, ਜੂਨੀਅਰ ਅਸੀਸਟੈਂਟ ਸੁੱਚਾ ਸਿੰਘ ਤੇ ਸਮੂਹ ਸਟਾਫ ਨਗਰ ਪੰਚਾਇਤ ਮਮਦੋਟ ਸਮੇਤ ਵੱਡੀ ਗਿਣਤੀ ਵਿੱਚ ਪਾਰਟੀ ਵਰਕਰ, ਅਹੁਦੇਦਾਰ ਤੇ ਪਤਵੰਤੇ ਹਾਜ਼ਰ ਸਨ। ਇਸ ਮੌਕੇ ਗੁਰੂ ਕਾ ਅਤੁੱਟ ਲੰਗਰ ਵਰਾਤਾਇਆ ਗਿਆ।

## ਤੁੰਗਵਾਲੀ 'ਚ ਸ਼ੰਕਰਾਪੁਰੀ ਪੱਤੀ 'ਚ ਗਲੀਆਂ ਤੇ ਨਾਲੀਆਂ ਦਾ ਕੰਮ ਸ਼ੁਰੂ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਨੇੜਲੇ ਪਿੰਡ ਤੁੰਗਵਾਲੀ ਵਿਖੇ ਗ੍ਰਾਮ ਪੰਚਾਇਤ ਵੱਲੋਂ ਸ਼ੰਕਰਾਪੁਰੀ ਪੱਤੀ ਵਿੱਚ ਗਲੀਆਂ ਤੇ ਨਾਲੀਆਂ ਦਾ ਕੰਮ ਸ਼ੁਰੂ ਹੋ ਗਿਆ ਹੈ। ਸਰਪੰਚ ਜੋਗਿੰਦਰ ਸਿੰਘ ਬਰਾੜ ਠੇਕੇਦਾਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸ਼ੰਕਰਾਪੁਰੀ ਪੱਤੀ ਵਿੱਚ ਗਲੀਆਂ ਦਾ ਬਹੁਤ ਬੁਰਾ ਹਾਲ ਸੀ। ਨਾਲੀਆਂ ਦਾ ਗੰਦਾ ਪਾਣੀ ਗਲੀਆਂ 'ਚ ਖੜਾ ਰਹਿੰਦਾ ਸੀ, ਜਿਸ ਕਰਕੇ ਪੱਤੀ ਦੇ ਲੋਕਾਂ ਖਾਸ ਕਰਕੇ ਸਕੂਲ ਜਾਣ ਵਾਲੇ ਬੱਚੇ ਬਹੁਤ ਪ੍ਰੇਸ਼ਾਨ ਸਨ। ਲੋਕਾਂ ਦੀ ਪ੍ਰੇਸ਼ਾਨੀ ਦੇਖਦੇ ਹੋਏ ਗਲੀਆਂ ਤੇ ਨਾਲੀਆਂ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪੰਚਾਇਤ ਦਾ ਸੁਪਨਾ ਹੈ ਕਿ ਪਿੰਡ ਤੁੰਗਵਾਲੀ ਪੰਜਾਬ 'ਚੋਂ ਸਭ ਤੋਂ ਸੋਹਣਾ ਪਿੰਡ ਹੋਵੇ। ਉਨ੍ਹਾਂ ਅਪੀਲ ਕੀਤੀ ਕਿ ਪਿੰਡ ਨੂੰ ਸਾਫ-ਸੁਥਰਾ ਬਣਾਉਣ 'ਚ ਪਿੰਡ ਵਾਸੀ ਵੱਧ ਤੋਂ ਵੱਧ ਸਹਿਯੋਗ ਦੇਣ। ਇਸ ਮੌਕੇ ਡਾ. ਹਰਚੇਤ ਕੁਮਾਰ ਸ਼ਰਮਾ, ਜਸਪਾਲ ਸਿੰਘ, ਮੈਂਗਲ ਸਿੰਘ, ਪਾਲ ਸਿੰਘ, ਪ੍ਰੀਤਮ ਸਿੰਘ ਨੰਬਰਦਾਰ, ਬੌਬੀ ਸਿੰਘ, ਜਗਸੀਰ ਸਿੰਘ, ਸੁਰਜੀਤ ਸਿੰਘ ਤੇ ਬਿੰਦਰ ਸਿੰਘ ਆਦਿ ਹਾਜ਼ਰ ਸਨ।

## 31 ਪਰਵਾਰ ਭਾਜਪਾ 'ਚ ਸ਼ਾਮਲ

**ਬੱਧਨੀ ਕਲਾਂ (ਲਵਲੀ ਕੁਮਾਰ)**-ਕਿਸਾਨ ਵਿੰਗ ਜ਼ਿਲ੍ਹਾ ਮੋਗਾ ਦੇ ਵਾਈਸ ਪ੍ਰਧਾਨ ਹਰਿੰਦਰ ਸਿੰਘ ਸੇਖੋਂ ਦੀ ਅਗਵਾਈ ਵਿੱਚ ਪਿੰਡ ਮਾਛੀਕੇ ਵਿਖੇ ਨਵੇਂ ਸਾਲ ਤੋਂ ਇੱਕ ਦਿਨ ਪਹਿਲਾਂ ਵੱਖ-ਵੱਖ ਸਿਆਸੀ ਪਾਰਟੀਆਂ ਨੂੰ ਛੱਡ ਕੇ 31 ਪਰਵਾਰ ਕਿਸਾਨ ਤੇ ਮਜ਼ਦੂਰ ਪਰਿਵਾਰ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋਏ।ਇਸ ਮੌਕੇ ਗੁਰਸੇਵਕ ਸਿੰਘ, ਜਗਦੇਵ ਸਿੰਘ, ਗਗਨਦੀਪ ਸਿੰਘ, ਗੁਰਪ੍ਰੀਤ ਕੌਰ, ਸੁਖਵਿੰਦਰ ਕੌਰ, ਰਣਜੀਤ ਸਿੰਘ, ਜਗਮੋਹਨ ਸਿੰਘ, ਪਰਮਜੀਤ ਕੌਰ, ਜਗਦੀਪ ਕੌਰ, ਬਲਵਿੰਦਰ ਕੌਰ, ਸੁਖਦੇਵ ਕੌਰ, ਜਸਵੀਰ ਕੌਰ, ਹਰਪ੍ਰੀਤ ਕੌਰ, ਹਾਕਮ ਸਿੰਘ, ਕਰਮਜੀਤ ਕੌਰ, ਮੱਖਣ ਸਿੰਘ, ਪਰਮਿੰਦਰ ਕੌਰ, ਬਲਜੀਤ ਕੌਰ, ਪਰਮਜੀਤ ਕੌਰ, ਅਮਨਦੀਪ ਕੌਰ, ਰਮਨਦੀਪ ਕੌਰ ਤੇ ਹੋਰ ਹਾਜ਼ਰ ਸਨ।

# ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂ ਮੁਕੇਸ਼ ਮਲੌਦ ਦੀ ਗ੍ਰਿਫਤਾਰੀ ਖਿਲਾਫ਼ ਰੋਸ ਪ੍ਰਦਰਸ਼ਨ

**ਲੁਧਿਆਣਾ (ਰੈਕਟਰ ਕਥੂਰੀਆ)**

ਪੰਜਾਬ ਸਰਕਾਰ, ਜਿਸ ਨੇ ਆਮ ਮਨੁੱਖ ਦੀ ਪਾਰਟੀ ਦਾ ਛਲਾਵਾ ਰਚ ਕੇ ਸੱਤਾ ਹਾਸਲ ਕੀਤੀ ਸੀ, ਉਹ ਲੋਕਾਂ ਨਾਲ ਧਰੋਹ ਕਰਨ ਪੱਖੋਂ ਪਹਿਲੀਆਂ ਸਰਕਾਰਾਂ ਤੋਂ ਵੀ ਅੱਗੇ ਨਿਕਲ ਗਈ ਹੈ।ਮੁੱਖ ਮੰਤਰੀ ਪੰਜਾਬ ਵੱਲੋਂ ਮਰਹੂਮ ਇਨਕਲਾਬੀ ਕਵੀ ਸੰਤ ਰਾਮ ਉਦਾਸੀ ਦੇ ਗੀਤ 'ਤੂੰ ਮਗਦਾ ਰਹੀਂ ਵੇ ਸੂਰਜਾ, ਕੰਮੀਆਂ ਦੇ ਵਿਹੜੇ' ਦੇ ਕੀਤੇ ਜਾਂਦੇ ਰਹੇ ਗੁਣਗਾਨ ਕਿਰਤੀ ਲੋਕਾਂ ਲਈ ਖਿਲਵਾੜ ਸਾਬਿਤ ਹੋਏ ਹਨ।ਸਰਕਾਰ ਬਣਨ ਤੋਂ ਪਹਿਲਾਂ ਮੁੱਖ ਮੰਤਰੀ ਭਗਵੰਤ ਮਾਨ ਖੁਦ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੀਆਂ ਸਟੇਜਾਂ ਤੋਂ ਇਸ ਦੇ ਹੱਕ ਵਿੱਚ ਬੋਲ ਕੇ ਵਿੱਢੇ ਸੰਘਰਸ਼ ਦੀ ਹਮਾਇਤ ਕਰਦੇ ਰਹੇ ਹਨ, ਪਰ ਹੁਣ ਪੰਜਾਬ ਵਿੱਚ ਵਾਧੂ ਤੇ ਕਾਨੂੰਨ ਅਨੁਸਾਰ ਸਾਢੇ 17 ਏਕੜ ਤੋਂ ਵੱਧ ਜ਼ਮੀਨ ਲੈ ਕੇ ਉਸ ਨੂੰ ਜ਼ਮੀਨ ਵਿਹੂਣੇ ਕਿਰਤੀਆਂ ਤੇ ਕਿਸਾਨਾਂ ਵਿੱਚ ਵੰਡਣ ਦੀ ਹੱਕੀ ਲੜਾਈ ਦਾ ਵਿਰੋਧ ਕਰ ਰਹੇ ਹਨ। ਸੰਘਰਸ਼ ਕਮੇਟੀ ਵੱਲੋਂ ਬੇਚਿਰਾਗ ਪਿੰਡ ਦੀ ਜ਼ਮੀਨ ਵਿੱਚ ਚਰਾਗ ਬਾਲ ਕੇ ਇੱਥੇ ਗੁਰੂ ਰਵਿਦਾਸ ਵੱਲੋਂ ਚਿੱਤਵਿਆ ਬੇਗਮਪੁਰਾ ਵਸਾਉਣ ਦਾ ਐਲਾਨ ਕੀਤਾ ਸੀ, ਪਰ ਪੰਜਾਬ ਸਰਕਾਰ ਵੱਲੋਂ ਇਸ ਨੂੰ ਕਾਮਯਾਬ ਹੋਣ ਤੋਂ ਰੋਕਣ ਲਈ ਸੰਘਰਸ਼ ਕਮੇਟੀ ਦੇ ਕਿੰਨੇ ਹੀ ਕਾਰਕੁੰਨਾਂ ਨੂੰ ਜੇਲ੍ਹੀਂ ਬੰਦ ਕਰਕੇ ਇਸ ਸੰਘਰਸ਼ ਨੂੰ ਖਤਮ ਕਰਨ ਦਾ ਜ਼ੋਰ ਲਾਇਆ ਹੋਇਆ ਹੈ।ਉਸੇ ਦੀ ਲੜੀ ਵਿੱਚ ਹੁਣ ਉਸ ਕਮੇਟੀ ਦੇ ਪ੍ਰਮੁੱਖ ਆਗੂ ਮੁਕੇਸ਼ ਮਲੌਦ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ।ਇਸ ਦੇ ਵਿਰੋਧ ਵਿੱਚ ਬੁੱਧਵਾਰ ਸਥਾਨਕ ਗਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਵਿਖੇ ਮੁੱਖ ਮੰਤਰੀ ਭਗਵੰਤ ਮਾਨ ਸਰਕਾਰ ਦਾ ਪੁਤਲਾ ਫੂਕਿਆ ਗਿਆ।ਗਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ ਦੇ ਸੱਦੇ 'ਤੇ ਇਸ ਸਮੇਂ ਵੱਖ ਵੱਖ ਜੱਥੇਬੰਦੀਆਂ ਦੇ ਕਾਰਕੁੰਨ ਸ਼ਾਮਲ ਸਨ। ਇਸ ਸਮੇਂ ਐਡਵੋਕੇਟ ਹਰਪ੍ਰੀਤ ਜ਼ੀਰਖ, ਰਾਕੇਸ਼ ਆਜ਼ਾਦ, ਅਰੁਣ ਕੁਮਾਰ, ਜਸਵੰਤ ਜ਼ੀਰਖ, ਸਤੀਸ਼ ਸੱਚਦੇਵਾ, ਜਗਜੀਤ ਸਿੰਘ, ਕੁਲਵਿੰਦਰ ਸਿੰਘ, ਰਜੀਵ ਕੁਮਾਰ, ਮਹੇਸ਼ ਕੁਮਾਰ ਨੇ ਸਰਕਾਰ ਵਿਰੋਧੀ ਨਾਹਰੇ ਮਾਰਦਿਆਂ ਮੁਕੇਸ਼ ਮਲੌਦ ਦੀ ਗ੍ਰਿਫ਼ਤਾਰੀ ਦਾ ਵਿਰੋਧ ਕੀਤਾ ਤੇ ਤੁਰੰਤ ਰਿਹਾਅ ਕਰਨ ਦੀ ਮੰਗ ਕੀਤੀ।

ਇੱਕ ਹੋਰ ਮਤੇ ਰਾਹੀਂ ਇਸ ਗ੍ਰਿਫ਼ਤਾਰੀ ਦਾ ਲੁਧਿਆਣੇ ਦੀਆਂ ਕਈ ਜਨਤਕ, ਜਮਹੂਰੀ ਤੇ ਤਰਕਸ਼ੀਲ ਜੱਥੇਬੰਦੀਆਂ ਜਿਹਨਾਂ ਵਿੱਚ ਜਮਹੂਰੀ ਅਧਿਕਾਰ ਸਭਾ ਪੰਜਾਬ, ਤਰਕਸ਼ੀਲ ਸੁਸਾਇਟੀ ਪੰਜਾਬ, ਸ਼ਹੀਦ ਭਗਤ ਸਿੰਘ ਵਿਚਾਰ ਮੰਚ, ਮਹਾਂ ਸਭਾ ਲੁਧਿਆਣਾ, ਗਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ ਲੁਧਿਆਣਾ ਤੇ ਇਨਕਲਾਬੀ ਮਜ਼ਦੂਰ ਕੇਂਦਰ ਸ਼ਾਮਲ ਹਨ, ਨੇ ਸਖ਼ਤ ਨਿੰਦਾ ਕੀਤੀ ਹੈ।ਇਨ੍ਹਾਂ ਦੇ ਆਗੂਆਂ ਪ੍ਰੋ. ਜਗਮੋਹਨ ਸਿੰਘ, ਜਸਵੰਤ ਜ਼ੀਰਖ, ਪ੍ਰੋ ਏ ਕੇ ਮਲੇਰੀ, ਬਲਕਰੌਰ ਸਿੰਘ ਗਿੱਲ, ਐਡਵੋਕੇਟ ਹਰਪ੍ਰੀਤ ਜ਼ੀਰਖ, ਕਾ. ਸੁਰਿੰਦਰ ਸਿੰਘ ਨੇ ਸਖ਼ਤ ਨਿੰਦਾ ਕਰਦਿਆਂ ਮੁਕੇਸ਼ ਮਲੌਦ ਨੂੰ ਤੁਰੰਤ ਰਿਹਾਅ ਕਰਨ ਦੀ ਜ਼ੋਰਦਾਰ ਮੰਗ ਕੀਤੀ ਹੈ।ਉਨ੍ਹਾਂ ਮੁਕੇਸ਼ ਮਲੌਦ ਵੱਲੋਂ ਉਪਰੋਕਤ ਕਮੇਟੀ ਦੀ ਕੀਤੀ ਜਾਂਦੀ ਅਗਵਾਈ ਨੂੰ ਸਹੀ ਕਰਾਰ ਦਿੰਦਿਆਂ ਸਰਕਾਰ ਦੇ ਇਸ ਰਵੱਈਏ ਦੀ ਪੁਰਜ਼ੋਰ ਨਿਖੇਧੀ ਕੀਤੀ।

**ਮਾਨਸਾ (ਆਤਮਾ ਸਿੰਘ ਪਮਾਰ)** : ਪੰਜਾਬ ਸਟੂਡੈਂਟਸ ਯੂਨੀਅਨ ਜ਼ਿਲ੍ਹਾ ਇਕਾਈ ਮਾਨਸਾ ਵੱਲੋਂ ਇੱਕ ਪ੍ਰੈੱਸ ਬਿਆਨ ਜਾਰੀ ਕਰਦਿਆਂ ਜ਼ਿਲ੍ਹਾ ਕਨਵੀਨਰ ਅਰਵਿੰਦਰ ਆਜ਼ਾਦ ਨੇ ਬੀਤੇ ਕੱਲ ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਪੰਜਾਬ ਦੇ ਪ੍ਰਧਾਨ ਮੁਕੇਸ਼ ਮਲੌਦ ਨੂੰ ਦਿੱਲੀ ਦੇ ਰੇਲਵੇ ਸਟੇਸ਼ਨ ਤੋਂ ਪੰਜਾਬ ਦੀ ਸਪੈਸ਼ਲ ਪੁਲਸ ਤੇ ਸੀ ਆਈ ਏ ਸਟਾਫ ਵੱਲੋਂ ਗ੍ਰਿਫਤਾਰ ਕਰਨ ਖ਼ਿਲਾਫ਼ ਰੋਸ ਪ੍ਰਦਰਸ਼ਨ ਕਰਦਿਆਂ ਪੰਜਾਬ ਸਰਕਾਰ ਦੀ ਅਰਥੀ ਫੂਕੀ ਗਈ।ਉਨ੍ਹਾਂ ਦੱਸਿਆ ਕਿ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰ

2 Jan Page 3.qxd 1/1/2026 10:36 PM Page 1



# ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਵੱਲੋਂ 6 ਨੂੰ ਡੀ ਸੀ ਦਫ਼ਤਰ ਦਿੱਤਾ ਜਾਵੇਗਾ ਧਰਨਾ

**ਗੁਰਦਾਸਪੁਰ (ਜਨਕ ਮਹਾਜਨ)**- ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੀ ਮੀਟਿੰਗ ਗੁਰੂ ਨਾਨਕ ਪਾਰਕ ਵਿਖੇ ਹੋਈ। ਮੀਟਿੰਗ ਵਿਚ ਫੈਸਲਾ ਕੀਤਾ ਹੈ ਕਿ ਪੰਜਾਬ ਸਰਕਾਰ ਦੇ ਮਜ਼ਦੂਰ ਵਿਰੋਧੀ ਰਵੱਈਏ ਖਿਲਾਫ ਅਤੇ ਚਿਰਾਂ ਤੋਂ ਲਟਕਦੀਆਂ ਮਜ਼ਦੂਰ ਮੰਗਾਂ ਮਨਵਾਉਣ ਲਈ ਸਾਂਝੇ ਮਜ਼ਦੂਰ ਮੋਰਚੇ ਸੱਦੇ 'ਤੇ 6 ਜਨਵਰੀ ਨੂੰ ਜ਼ਿਲ੍ਹਾ ਹੈੱਡਕੁਆਰਟਰਾਂ ਗੁਰਦਾਸਪੁਰ 'ਤੇ ਇਕ ਦਿਨਾ ਧਰਨਾ ਪ੍ਰਦਰਸ਼ਨ ਕੀਤਾ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜਥੇਬੰਦੀਆਂ ਦੇ ਆਗੂਆ ਵਿਜੇ ਕੁਮਾਰ ਸੋਹਲ ਸੂਬਾ ਸਕੱਤਰ ਮਜ਼ਦੂਰ ਮੁਕਤੀ ਮੋਰਚਾ ਪੰਜਾਬ, ਰਾਜ ਕੁਮਾਰ ਪੰਡੋਰੀ ਜ਼ਿਲ੍ਹਾ ਪ੍ਰਧਾਨ ਪੇਂਡੂ ਮਜ਼ਦੂਰ ਯੂਨੀਅਨ, ਮੇਜਰ ਸਿੰਘ ਕੋਟ ਟੋਡਰ ਮੱਲ, ਦਿਹਾਤੀ ਮਜ਼ਦੂਰ ਸਭਾ ਸੂਬਾ ਵਿੱਤ ਸਕੱਤਰ ਸ਼ਮਸ਼ੇਰ ਸਿੰਘ ਨਵਾਂ ਪਿੰਡ, ਧਿਆਨ ਸਿੰਘ ਠਾਕੁਰ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਹੋਂਦ ਵਿਚ ਆਉਣ ਤੋਂ ਲੈ ਕੇ ਜਥੇਬੰਦੀਆਂ ਸੰਘਰਸ਼ ਕਰ ਰਹੀਆਂ ਹਨ, ਧਰਨੇ, ਮੁਜ਼ਾਹਰੇ ਅਤੇ ਅਨੇਕਾਂ ਵਾਰ ਮੰਗ ਪੱਤਰ ਦੇਣ ਤੋਂ ਬਾਅਦ ਵੀ ਅਜੇ ਮੌਜੂਦਾ ਸਰਕਾਰ ਮਜ਼ਦੂਰਾਂ ਵੱਲ ਪਿੱਠ ਕਰਕੇ ਖੜ੍ਹੀ ਹੈ। ਉਨ੍ਹਾਂ ਕਿਹਾ ਕਿ ਹਾਲ ਹੀ ਵਿਚ ਪੰਜਾਬ ਅੰਦਰ ਹੜ੍ਹਾਂ/ਬਾਰਸ਼ਾਂ ਨਾਲ ਹੋਰਨਾਂ ਤਬਕਿਆਂ ਦੇ

ਨਾਲ-ਨਾਲ ਬੇਜ਼ਮੀਨੇ ਮਜ਼ਦੂਰਾਂ ਦਾ ਵੀ ਭਾਰੀ ਨੁਕਸਾਨ ਹੋਇਆ, ਪਰ ਸਰਕਾਰ ਨੇ ਫੋਕੇ ਲਾਰਿਆਂ ਤੋਂ ਮਜ਼ਦੂਰਾਂ ਦੇ ਕੁਝ ਵੀ ਪੋਲੇ ਨਹੀਂ ਪਾਇਆ। ਉਹਨਾਂ ਕਿਹਾ ਕਿ ਮਨਰੇਗਾ ਸਕੀਮ ਦਾ ਵੀ ਭੋਗ ਪਾ ਦਿੱਤਾ ਹੈ ਤੇ ਮਜ਼ਦੂਰਾਂ ਨੂੰ ਰੁਜ਼ਗਾਰ ਨੂੰ ਤੋਂ ਵਿਹਲੇ ਕਰ ਦਿੱਤਾ ਹੈ। ਆਗੂਆਂ ਕਿਹਾ ਕਿ ਵੱਡੇ ਸਰਮਾਏਦਾਰਾਂ ਅਤੇ ਜਾਗੀਰਦਾਰਾਂ ਨੂੰ ਫਾਇਦਾ ਪਹੁੰਚਾਉਣ ਵਾਲੇ ਅਖੌਤੀ ਵਿਕਾਸ ਮਾਡਲ ਨੂੰ ਲਗਾਤਾਰ ਲਾਗੂ ਕਰਕੇ, ਮਜ਼ਦੂਰਾਂ ਕੋਲੋਂ ਸਿਹਤ, ਸਿੱਖਿਆ, ਬਿਜਲੀ ਵਰਗੀਆਂ ਸਹੂਲਤਾਂ ਖੋਹੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਚਿੱਪ ਵਾਲੇ ਮੀਟਰ ਲਾ ਕੇ ਹੁਣ ਮਜ਼ਦੂਰਾਂ ਦੇ ਘਰਾਂ 'ਚ ਹਨੇਰਾ ਕਰਨ ਦੀ ਤਿਆਰੀ ਹੈ। ਮਜ਼ਦੂਰ ਜਥੇਬੰਦੀਆਂ ਮੰਗ ਕਰਦੀਆਂ ਹਨ ਕਿ ਮਨਰੇਗਾ ਕਾਨੂੰਨ ਨੂੰ ਪਹਿਲਾਂ ਦੀ ਤਰ੍ਹਾਂ ਇੰਨ ਬਿੰਨ ਲਾਗੂ ਕੀਤਾ ਜਾਵੇ, ਬਿਜਲੀ ਸੋਧ ਬਿੱਲ 2025 ਰੱਦ ਕੀਤੇ ਜਾਵੇ, ਹੜ੍ਹ -ਬਾਰਸ਼ਾਂ ਦੇ ਮਜ਼ਦੂਰਾਂ ਦੇ ਹੋਏ ਨੁਕਸਾਨ ਲਈ ਢੁਕਵਾਂ ਮੁਆਵਜ਼ਾ ਦਿਵਾਉਣ ਲਈ, ਮਜ਼ਦੂਰਾਂ ਨੂੰ ਦਸ-ਦਸ ਮਰਲੇ ਦੇ ਪਲਾਟ ਅਤੇ ਰਿਹਾਇਸ਼ੀ ਪਲਾਟ ਤੇ ਮਕਾਨ ਬਣਾਉਣ ਲਈ ਪੰਜ ਲੱਖ ਰੁਪਏ ਦੀ ਗਰਾਂਟ ਦਿੱਤੀ ਜਾਵੇ, ਮਜ਼ਦੂਰਾਂ ਦਾ ਸਮੁੱਚਾ ਕਰਜ਼ਾ ਮੁਆਫ ਕੀਤਾ ਜਾਵੇ, ਤੀਜੇ ਹਿੱਸੇ ਦੀ ਜ਼ਮੀਨ ਮਜ਼ਦੂਰਾਂ ਨੂੰ ਦੇਣਾ ਯਕੀਨੀ ਕੀਤਾ ਜਾਵੇ, ਜ਼ਮੀਨ ਹੱਦਬੰਦੀ ਕਾਨੂੰਨ ਫੌਰੀ ਲਾਗੂ ਕੀਤਾ ਜਾਵੇ, ਵਿਧਵਾ ਬੁਢਾਪਾ ਪੈਨਸ਼ਨ 5000 ਰੁਪਏ ਕੀਤੀ ਜਾਵੇ, ਜਨਤਕ ਵੰਡ ਪ੍ਰਣਾਲੀ ਰਾਹੀਂ ਸਰਕਾਰੀ ਡਿਪੂਆਂ ਤੋਂ ਰਸੋਈ ਵਿਚ ਵਰਤੀਆਂ ਜਾਣ ਵਾਲੀਆਂ ਵਸਤਾਂ ਸਸਤੇ ਭਾਅ ਤੇ ਮੁੱਹਈਆਂ ਕਰਵਾਉਣ ਅਤੇ ਲੋੜਵੰਦਾਂ ਦੇ ਕੱਟੇ ਰਾਸ਼ਨ ਕਾਰਡ ਬਹਾਲ ਕੀਤੇ, ਔਰਤਾਂ ਦੇ ਖਾਤੇ ਵਿਚ 1100 ਰੁਪਏ ਹਰ ਮਹੀਨੇ ਪਾਉਣ, ਚਾਰ ਕਿਰਤ ਕੋਡ ਰੱਦ ਕੀਤੇ ਜਾਣ ਸਮੇਤ ਸਾਰੀਆਂ ਚੋਣ ਗਰੰਟੀਆਂ ਲਾਗੂ ਕੀਤੀਆਂ ਜਾਣ। ਉਪਰੋਕਤ ਆਗੂਆਂ ਤੋਂ ਇਲਾਵਾ ਜਸਵੰਤ ਸਿੰਘ ਬੁੱਟਰ, ਮਨਹਰਨ, ਦਰਸ਼ਨ ਅਖਰੋਟਾ ਅਤੇ ਹੋਰ ਸਾਥੀ ਹਾਜ਼ਰ ਸਨ।

# ਜੁਆਇੰਟ ਐਕਸ਼ਨ ਕਮੇਟੀ ਨੇ ਲੋੜਵੰਦ ਪਰਵਾਰ ਨੂੰ ਸੌਂਪੀਆਂ ਨਵੇਂ ਘਰ ਦੀਆਂ ਚਾਬੀਆਂ

**ਬਿਆਸ (ਪਰਮਜੀਤ ਸਿੰਘ ਰੱਖੜਾ)** ਜਲੰਧਰ ਸ਼ਹਿਰ ਵਿੱਚ ਪੈਂਦੇ ਪਿੰਡ ਬੂਟਾ ਵਿਖੇ ਇੱਕ ਗਰੀਬ ਪਰਵਾਰ ਦਾ ਪਿਛਲੇ ਸਮੇਂ ਦੌਰਾਨ ਹੋਈਆਂ ਬਰਸਾਤਾਂ ਕਾਰਨ ਘਰ ਢਹਿ ਢੇਰੀ ਹੋ ਗਿਆ ਸੀ।ਜੁਆਇੰਟ ਐਕਸ਼ਨ ਕਮੇਟੀ ਮਾਡਲ ਟਾਊਨ ਜਲੰਧਰ ਵੱਲੋਂ ਉਸ ਗਰੀਬ ਪਰਵਾਰ ਨੂੰ ਨਵਾਂ ਘਰ ਬਣਾਉਣ ਦਾ ਵਾਅਦਾ ਕੀਤਾ ਗਿਆ ਸੀ। ਜਿਸ ਦਾ ਨੀਂਹ ਪੱਥਰ ਡੀ ਸੀ ਹਿਮਾਂਸ਼ੂ ਅਗਰਵਾਲ ਨੇ ਸਤੰਬਰ 2025 ਵਿੱਚ ਰੱਖਿਆ ਸੀ। ਅੱਜ ਹਿਮਾਂਸ਼ੂ ਅਗਰਵਾਲ, ਵਰਿੰਦਰ ਮਲਿਕ, ਜਸਵਿੰਦਰ ਸਿੰਘ, ਸਾਹਨੀ ਨੇ ਹਰਮੇਸ਼ ਕੌਰ ਦੇ ਪਰਵਾਰ ਨੂੰ ਜੁਆਇੰਟ ਐਕਸ਼ਨ ਕਮੇਟੀ ਮਾਡਲ ਟਾਊਨ ਜਲੰਧਰ ਵੱਲੋਂ ਨਵੇਂ ਘਰ ਦੀ ਉਸਾਰੀ ਕਰ ਕੇ ਚਾਬੀਆਂ ਸੌਂਪੀਆਂ ਗਈਆਂ। ਇਸ ਮੌਕੇ ਆਤਮ ਪ੍ਰਕਾਸ਼ ਸਿੰਘ ਬੱਬਲੂ, ਸੁਰਿੰਦਰ ਸਿੰਘ ਭਾਪਾ, ਲੱਕੀ ਉਬਰਾਏ ਅਤੇ ਜੁਆਇੰਟ ਐਕਸ਼ਨ ਕਮੇਟੀ ਦੇ ਮੈਂਬਰ ਰਬਿੰਦਰ ਸਿੰਘ, ਸੁਨੀਲ ਚੋਪੜਾ, ਲਲਿਤ ਤਿਖਾ, ਵਿਵੇਕ ਭਾਰਦਵਾਜ, ਸਵਤੰਤਰ ਕੁਮਾਰ ਚਾਵਲਾ, ਰੋਹਿਤ ਮਲਿਕ, ਜਗਦੀਪ ਸਿੰਘ,ਪਨਵੇ ਸਹਿਗਲ, ਅਰਵਿੰਦਰ ਸਿੰਘ, ਦਿਨੇਸ਼ ਦੀਪਕ, ਸੁਰਜੀਤ ਸਿੰਘ, ਨਾਜਰ ਸਿੰਘ, ਰਾਕੇਸ਼ ਮਹਿਤਾ, ਬਲਦੇਵ ਸਿੰਘ, ਕੁਲਵੰਤ ਸਿੰਘ ਬੇਦੀ, ਸਾਹਿਬ ਸੋਹਣ ਸਿੰਘ ਆਦਿ ਹਾਜ਼ਰ ਸਨ।

# ਤਲਬੀਰ ਸਿੰਘ ਗਿੱਲ ਵੱਲੋਂ ਕੇਜਰੀਵਾਲ ਨਾਲ ਮੁਲਾਕਾਤ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਵਿਧਾਨ ਸਭਾ ਹਲਕਾ ਮਜੀਠਾ ਤੋਂ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਵੱਲੋਂ ਵੀਰਵਾਰ ਦਿੱਲੀ ਵਿਖੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ ਕੀਤੀ ਅਤੇ ਨਵੇਂ ਸਾਲ ਦੀ ਮੁਬਾਰਕਬਾਦ ਦਿੱਤੀ। ਸਰਦਾਰ ਗਿੱਲ ਦੇ ਨਾਲ ਗਏ ਮਲਕੀਤ ਸਿੰਘ ਬਾਠ ਭੋਏ ਨੇ ਦੱਸਿਆ ਕਿ ਤਲਬੀਰ ਸਿੰਘ ਗਿੱਲ ਨਾਲ ਕੇਜਰੀਵਾਲ ਨੇ ਜਿਥੇ ਉਹਨਾਂ ਨਾਲ ਹਲਕਾ ਮਜੀਠਾ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਸੰਬੰਧੀ ਗੱਲਬਾਤ ਕੀਤੀ ਉਥੇ ਉਹਨਾਂ ਵੱਲੋਂ ਹਲਕਾ ਮਜੀਠਾ ਵਿੱਚ ਹੋਈਆਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਦੀਆਂ ਚੋਣਾਂ ਦੀ ਜਿੱਤ ਦੀ ਵਧਾਈ ਦਿੱਤੀ ਅਤੇ ਹੋਰ ਤਕੜਿਆਂ ਹੋ ਕੇ ਕੰਮ ਕਰਨ ਲਈ ਥਾਪੜਾ ਦਿੱਤਾ। ਗਿੱਲ ਨੇ ਕੇਜਰੀਵਾਲ ਨੂੰ ਦੱਸਿਆ ਕਿ ਵਿਧਾਨ ਸਭਾ ਹਲਕਾ ਮਜੀਠਾ ਜਿੱਥੇ ਕਿ ਅਕਾਲੀ ਦਲ ਦਾ ਗੜ੍ਹ ਹੈ ਵਿੱਚ ਐਤਕੀ ਜਿਸ ਢੰਗ ਨਾਲ ਹਲਕੇ ਦੀ ਲੋਕਾਂ ਨੇ ਆਮ ਆਦਮੀ ਪਾਰਟੀ ਦਾ ਸਾਥ ਦਿੱਤਾ ਹੈ ਇਸ ਤੋਂ ਸਪਸ਼ਟ ਹੈ ਕਿ 2027 ਵਿੱਚ ਵੀ ਆਮ ਆਦਮੀ ਪਾਰਟੀ ਇਸ ਹਲਕੇ ਤੋਂ ਜਿੱਤ ਕੇ ਸਰਕਾਰ ਬਣਾਉਣ ਵਿੱਚ ਆਪਣਾ ਯੋਗਦਾਨ ਪਾਵੇਗੀ।

# ਪਨੂੰ ਨੇ ਨਵੇਂ ਸਾਲ 'ਤੇ ਤੰਦਰੁਸਤੀ ਤੇ ਖੁਸ਼ਹਾਲੀ ਦੀ ਕੀਤੀ ਅਰਦਾਸ

**ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)** ਬਲਬੀਰ ਸਿੰਘ ਪਨੂੰ, ਇੰਚਾਰਜ ਵਿਧਾਨ ਸਭਾ ਹਲਕਾ ਫਤਹਿਗੜ੍ਹ ਚੂੜੀਆਂ ਨੇ ਨਵੇਂ ਸਾਲ 2026 ਦੀ ਵਧਾਈ ਦਿੰਦਿਆਂ ਲੋਕਾਂ ਦੀ ਤੰਦਰੁਸਤੀ ਤੇ ਖੁਸ਼ਹਾਲੀ ਦੀ ਅਰਦਾਸ ਕੀਤੀ ਹੈ।ਉਨ੍ਹਾਂ ਕਿਹਾ ਕਿ ਨਵੇਂ ਸਾਲ 2026 ਵਿੱਚ ਵੀ ਹਲਕਾ ਫਤਹਿਗੜ੍ਹ ਚੂੜੀਆਂ ਵਿਖੇ ਸਰਬਪੱਖੀ ਵਿਕਾਸ ਕਾਰਜ ਲਗਾਤਾਰ

ਕਰਵਾਏ ਜਾਣਗੇ।ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਹਮੇਸ਼ਾ ਕੋਸ਼ਿਸ਼ ਰਹੀ ਹੈ ਕਿ ਹਲਕੇ ਅੰਦਰ ਬਿਨਾਂ ਪੱਖਪਾਤ ਦੇ ਵਿਕਾਸ ਕਾਰਜ ਕਰਵਾਏ ਜਾਣ ਅਤੇ ਲੋਕਾਂ ਦੀਆਂ ਮੁਸ਼ਕਲਾਂ ਹੱਲ ਕੀਤੀਆਂ ਜਾਣ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਹਲਕੇ ਅੰਦਰ ਪਿਛਲੇ ਕਰੀਬ ਚਾਰ ਸਾਲਾਂ ਵਿੱਚ ਵਿਕਾਸ ਕੰਮ ਕਰਵਾਏ ਗਏ ਹਨ, ਓਸੇ ਤਰ੍ਹਾਂ ਸਾਲ 2026 ਵਿੱਚ ਵੀ ਲੋਕ ਹਿੱਤ ਵਿੱਚ ਚਹੁੰਪੱਖੀ ਵਿਕਾਸ ਕੰਮ ਕਰਵਾਏ ਜਾਣਗੇ ਅਤੇ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਦਾ ਲਾਭ ਹੇਠਲਾ ਪੱਧਰ ਤੱਕ ਲੋਕਾਂ ਨੂੰ ਪੁਜਦਾ ਕੀਤਾ ਜਾਵੇਗਾ।

# 27 ਸਾਲਾ ਨਿਸ਼ਠਾਵਾਨ ਸੇਵਾ ਤੋਂ ਬਾਅਦ ਡਾ. ਸੰਦੀਪ ਸਿੰਘ ਕਾਲੜਾ ਸੇਵਾ-ਮੁਕਤ

**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)** ਸਿਹਤ ਵਿਭਾਗ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ. ਸੰਦੀਪ ਸਿੰਘ ਕਾਲੜਾ 31 ਦਸੰਬਰ ਨੂੰ 27 ਸਾਲਾਂ ਦੀ ਨਿਸ਼ਠਾਵਾਨ ਅਤੇ ਸ਼ਲਾਘਾਯੋਗ ਸੇਵਾ ਤੋਂ ਬਾਅਦ ਸੇਵਾ ਮੁਕਤ ਹੋ ਗਏ।ਡਾ. ਕਾਲੜਾ ਨੇ ਆਪਣੇ ਲੰਮੇ ਅਤੇ ਉੱਜਵਲ ਕਰੀਅਰ ਦੌਰਾਨ 2013-14 ਅਤੇ 2017-18 ਵਿੱਚ ਮੈਡੀਕਲ ਅਫ਼ਸਰ (ਹੱਡੀਆਂ ਦੇ ਰੋਗਾਂ ਦੇ ਮਾਹਰ) ਵਜੋਂ ਸੇਵਾ ਨਿਭਾਈ। ਉਹਨਾਂ ਦੀਆਂ ਸ਼ਾਨਦਾਰ ਸਰਜੀਕਲ ਕੁਸ਼ਲਤਾਵਾਂ, ਮਰੀਜ਼ਾਂ ਨਾਲ ਸਹਿਯੋਗੀ ਅਤੇ ਮਨੁੱਖੀ ਵਿਵਹਾਰ ਕਾਰਨ ਉਹ ਮਰੀਜ਼ਾਂ ਅਤੇ ਸਹਿਕਰਮੀਆਂ ਵਿੱਚ ਖ਼ਾਸ ਸਨਮਾਨ ਦੇ ਹੱਕਦਾਰ ਬਣੇ।ਸਾਲ 2023-24 ਵਿੱਚ ਉਹਨਾਂ ਨੂੰ ਸੀਨੀਅਰ ਮੈਡੀਕਲ ਅਫ਼ਸਰ ਦੇ ਤੌਰ 'ਤੇ ਤਰੱਕੀ ਮਿਲੀ ਅਤੇ ਸਤੰਬਰ 2024 ਵਿੱਚ ਉਨ੍ਹਾਂ ਦੀ ਤਾਇਨਾਤੀ ਸਬ-ਡਵੀਜ਼ਨਲ ਹਸਪਤਾਲ ਖਡੂਰ ਸਾਹਿਬ ਵਿਖੇ ਹੋਈ।ਉਹਨਾਂ ਦੀ ਸੇਵਾ ਮੁਕਤੀ ਦੇ ਮੌਕੇ ਐਸ.ਡੀ.ਐਚ ਖਡੂਰ ਸਾਹਿਬ ਦੇ ਸਮੂਹ ਸਟਾਫ਼ ਵੱਲੋਂ ਇੱਕ ਸ਼ਾਨਦਾਰ ਵਿਦਾਈ ਸਮਾਰੋਹ ਆਯੋਜਿਤ ਕਰਕੇ ਡਾ. ਕਾਲੜਾ ਨੂੰ ਸਨਮਾਨਤ ਕੀਤਾ ਗਿਆ। ਸਟਾਫ਼ ਮੈਂਬਰਾਂ ਨੇ ਉਹਨਾਂ ਦੀ ਨਿਸ਼ਠਾ, ਅਨੁਸ਼ਾਸਨ ਅਤੇ ਮਨੁੱਖੀ ਸੋਚ ਦੀ ਪ੍ਰਸ਼ੰਸਾ ਕੀਤੀ। ਇਸ ਮੌਕੇ ਮਾਣਯੋਗ ਸਿਵਲ ਸਰਜਨ ਡਾ ਗੁਰਪ੍ਰੀਤ ਸਿੰਘ ਰਾਏ, ਡਾ ਸੁਖਬੀਰ ਕੌਰ ਜ਼ਿਲਾ ਸਿਹਤ ਅਫਸਰ ਤਰਨ ਤਾਰਨ, ਡਾ ਅਮਰਵੀਰ ਸਿੰਘ ਜ਼ਿਲ੍ਹਾ ਸਿਹਤ ਅਫਸਰ ਫਿਰੋਜ਼ਪੁਰ, ਡਾ ਗੁਰਮਿੰਦਰ ਕੌਰ, ਡਾ ਮੋਹਨਪ੍ਰੀਤ ਸਿੰਘ, ਡਾ ਹਰਿੰਦਰ ਪਾਲ ਸਿੰਘ, ਡਾ ਪਰਮਪਾਲ ਸਿੰਘ, ਡਾ ਦੀਪਇੰਦਰ ਕੌਰ, ਡਾ ਅੰਤਰਪ੍ਰੀਤ ਕੌਰ, ਡਾ ਰਵਨੀਤ ਕੌਰ, ਡਾ ਚਰਨਜੀਤ ਕੌਰ, ਡਾ ਪਰਨੀਤ ਕੋਰ, ਡਾ ਅਵਲੀਨ ਕੌਰ, ਡਾ ਰੇਖਾ, ਡਾ ਹਰਮਨਪ੍ਰੀਤ ਸਿੰਘ, ਅਰਵਿੰਦਰ ਸਿੰਘ, ਹਰਿਦਆਲ ਸਿੰਘ, ਰਜਤ, ਕਿਰਨਬੀਰ ਕੌਰ, ਕਰਮਜੀਤ ਸਿੰਘ, ਰਾਜਬੀਰ ਕੌਰ, ਕੋਮਲਪ੍ਰੀਤ ਕੌਰ, ਜਤਿੰਦਰ ਕੌਰ, ਸੁਖਬੀਰ ਕੌਰ, ਲਵਪ੍ਰੀਤ ਸਿੰਘ ਕੁਲਾਰ, ਚਮਕੌਰ ਸਿੰਘ, ਪਵਨਪ੍ਰੀਤ ਕੌਰ ਆਦਿ ਹਾਜ਼ਰ ਸਨ।

# ਜ਼ਿਲ੍ਹਾ ਕਾਨੂੰਨੀ ਅਥਾਰਟੀ ਵੱਲੋਂ 167 ਪਿੰਡਾਂ 'ਚ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ

**ਗੁਰਦਾਸਪੁਰ (ਜਨਕ ਮਹਾਜਨ)**- ਦਿਲਬਾਗ ਸਿੰਘ ਜੌਹਲ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਹਰਪ੍ਰੀਤ ਸਿੰਘ ਸੀ.ਜੇ.ਐਮ-ਸਹਿਤ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਵਲੋਂ ਮੁਹਿੰਮ ਨਸ਼ਿਆਂ ਖਿਲਾਫ਼ ਨੌਜਵਾਨ ਤਹਿਤ ਗੁਰਦਾਸਪੁਰ ਦੇ ਵੱਖ ਵੱਖ ਸਕੂਲਾਂ, ਪਿੰਡਾਂ, ਡੀ-ਅਡੀਕਸ਼ਨ ਸੈਂਟਰ ਅਤੇ ਓਟ ਸੈਂਟਰਾਂ ਆਦਿ ਵਿਚ ਪੈਨਲ ਐਡਵੋਕੇਟਜ਼ ਅਤੇ ਪੀ.ਐਲ.ਵੀ. ਦੀਆਂ 22 ਟੀਮਾਂ ਵਲੋਂ ਵੱਖ-ਵੱਖ ਜਾਗਰੂਕਤਾ ਪ੍ਰੋਗਰਾਮ ਕਰਵਾਏ ਜਾ ਰਹੇ ਹਨ। ਹਰਪ੍ਰੀਤ ਸਿੰਘ ਸੀ.ਜੇ.ਐਮ-ਸਹਿਤ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਸ਼ਿਆਂ ਖਿਲਾਫ਼ ਜਾਗਰੂਕਤਾ ਮੁਹਿਮ 6 ਜਨਵਰੀ ਤੱਕ ਚੱਲੇਗੀ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਕਾਨੂੰਨੀ ਅਥਾਰਟੀ ਗੁਰਦਾਸਪੁਰ ਵਲੋਂ 31 ਦਸੰਬਰ 2025 ਤੱਕ 174 ਸਕੂਲਾਂ ਵਿੱਚ ਡਿਬੇਟ/ਡੈਕਲਾਮੇਸ਼ਨ, ਪੇਂਟਿੰਗ ਕੰਪੀਟੀਸ਼ਨ ਅਤੇ ਜਾਗਰੂਕਤਾ ਪ੍ਰੋਗਰਾਮ ਕਰਵਾਏ ਗਏ। ਇਸ ਤੋਂ ਇਲਾਵਾ167 ਪਿੰਡਾਂ, 5 ਡੀ ਐਡੀਕਸ਼ਨ ਸੈਂਟਰ ਅਤੇ 8 ਓਟ ਸੈਂਟਰਾਂ ਵਿੱਚ ਜਾਗਰੂਕਤਾ ਪ੍ਰੋਗਰਾਮ, ਇੱਕ ਰੈਲੀ, ਇੱਕ ਨੁੱਕੜ ਨਾਟਕ, 13 ਵਾਕਥਾਨ/ਰੈਲੀ ਅਤੇ ਇੱਕ ਬਲੱਡ ਡੋਨੇਸ਼ਨ ਕੈਂਪ ਲਗਾਇਆ ਗਿਆ। ਉਨ੍ਹਾਂ ਦੱਸਿਆ ਕਿ ਇਹਨਾਂ ਪ੍ਰੋਗਰਾਮਾਂ ਵਿੱਚ ਲਗਭਗ 22691 ਬੱਚਿਆਂ/ਆਮ ਪਬਲਿਕ ਵੱਲੋਂ ਹਿੱਸਾ ਲਿਆ ਗਿਆ।

# ਮਾਤਾ ਗੁਜਰੀ ਤੇ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਤ ਵਿਸ਼ੇਸ਼ ਗੁਰਮਤਿ ਸਮਾਗਮ

**ਮਜੀਠਾ ( ਸੋਇਮ ਆਨੰਦ)**- ਮਾਤਾ ਗੁਜਰੀ ਜੀ ਅਤੇ ਚਾਰ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਿਹ ਸਿੰਘ ਜੀ ਦੀ ਅਦੁੱਤੀ ਸ਼ਹਾਦਤ ਨੂੰ ਸਮਰਪਤ ਵਿਸ਼ੇਸ਼ ਗੁਰਮਤਿ ਸਮਾਗਮ ਗਿੱਲ ਫਾਰਮ ਦਾਦੂਪੁਰਾ ਰੋਡ ਮਜੀਠਾ ਵਿਖੇ ਇਲਾਕੇ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਗਿਆ। ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਉਪਰੰਤ ਇਸ ਸਮਾਗਮ ਵਿਚ ਭਾਈ ਕੁਲਦੀਪ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਜਸਪਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਪ੍ਰਦੀਪ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਵੱਲੋਂ ਮਨੋਹਰ ਗੁਰਬਾਣੀ ਕੀਰਤਨ ਅਤੇ ਕਥਾਵਾਚਕ ਗਿਆਨੀ ਮਾਨ ਸਿੰਘ ਸਾਬਕਾ ਗਰੰਥੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਵੱਲੋਂ ਮਾਤਾ ਗੁਜਰ ਕੌਰ ਜੀ, ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੇ ਸਬੰਧ ਵਿਚ ਵਿਆਖਿਆ ਕਰਕੇ ਸੰਗਤਾਂ ਨੂੰ ਨਿਹ

2-Jan-PAGE-4.qxd 1/1/2026 10:29 PM Page 1

ਨਵਾਂ ਜ਼ਮਾਨਾ
ਸ਼ੁੱਕਰਵਾਰ, 2 ਜਨਵਰੀ 2026

# ਨਫਰਤ ਦੇ ਵਣਜਾਰੇ

ਸੋਸ਼ਲ ਮੀਡੀਆ ਪਲੇਟਫਾਰਮ 'ਐੱਕਸ' ਉੱਤੇ ਹਾਲ ਹੀ ਵਿੱਚ ਅਪਲੋਡ ਕੀਤੇ ਗਏ ਚਾਰ ਵੀਡੀਓਜ਼ ਨੇ ਦੇਸ਼ ਵਿੱਚ ਫਿਰਕੂ ਤਣਾਅ ਹੋਰ ਵਧਾਉਣ ਦਾ ਕੰਮ ਕੀਤਾ ਹੈ। ਇਨ੍ਹਾਂ ਵੀਡੀਓਜ਼ ਵਿੱਚ ਮੁਸਲਮਾਨਾਂ ਖਿਲਾਫ ਹਿੰਸਾ ਦਾ ਖੁੱਲ੍ਹੇਆਮ ਸੱਦਾ ਦਿੱਤਾ ਗਿਆ ਹੈ। ਨਫਰਤ ਪੈਦਾ ਕਰਨ ਲਈ ਬਦਨਾਮ ਮਹਾਂਮੰਡਲੇਸ਼ਵਰ ਯਤੀ ਨਰਸਿੰਹਾਨੰਦ ਗਿਰੀ ਨੇ ਕਿਹਾ ਹੈ ਕਿ ਤਲਵਾਰਾਂ ਵੰਡਣ ਨਾਲ ਕੁਝ ਨਹੀਂ ਹੋਣ ਵਾਲਾ, ਹੁਣ ਹਿੰਦੂਆਂ ਨੂੰ ਆਤਮਘਾਤੀ ਦਸਤੇ ਬਣਾਉਣੇ ਚਾਹੀਦੇ ਹਨ। ਹਿੰਦੂਆਂ ਨੂੰ ਬਜਰੰਗ ਦਲ-ਫਜਰੰਗ ਦਲ ਵਰਗੇ ਸੰਗਠਨ ਛੱਡ ਕੇ ਆਈ ਐੱਸ ਆਈ ਐੱਸ ਵਰਗਾ ਸੰਗਠਨ ਬਣਾਉਣਾ ਚਾਹੀਦਾ ਹੈ। ਇਸ ਬੰਦੇ ਖਿਲਾਫ ਦਿੱਲੀ ਪੁਲਸ ਨੇ ਪਹਿਲਾਂ ਵੀ ਨਫਰਤੀ ਤਕਰੀਰ ਦੇ ਮਾਮਲੇ ਦਰਜ ਕੀਤੇ ਸਨ, ਪਰ ਅਜੇ ਤੱਕ ਉਸ ਵਿਰੁੱਧ ਕੋਈ ਕਾਰਵਾਈ ਨਹੀਂ ਹੋਈ। ਇਸ ਨਾਲ ਉਸ ਦਾ ਹੌਸਲਾ ਹੋਰ ਵਧ ਗਿਆ ਹੈ। ਰਿਸ਼ਭ ਓਝਾ ਨਾਂਅ ਦੇ ਬੰਦੇ ਨੇ ਆਪਣੇ ਵੀਡੀਓ ਵਿੱਚ ਕਿਹਾ ਹੈ ਕਿ ਇੱਕ ਮੁਸਲਮਾਨ ਨਾਲ ਦੋਸਤੀ ਕਰੋ, ਉਸ ਨੂੰ ਅਗਵਾ ਕਰੋ ਅਤੇ ਫਿਰ ਉਸ 'ਤੇ ਤੇਜ਼ਾਬ ਪਾਓ। ਉਸ ਨੂੰ ਤੜਫਦੇ ਦੇਖਣਾ ਬਹੁਤ ਮਜ਼ੇਦਾਰ ਹੋਵੇਗਾ। ਇੱਕ ਵੀਡੀਓ ਵਿੱਚ ਗਾਜ਼ੀਆਬਾਦ ਵਿੱਚ ਹਿੰਦੂ ਰਕਸ਼ਾ ਦਲ ਦੇ ਕਾਰਕੁਨ ਜਨਤਕ ਥਾਂ 'ਤੇ ਤਲਵਾਰਾਂ ਤੇ ਹਥਿਆਰ ਵੰਡ ਰਹੇ ਹਨ। ਫਰੀਦਾਬਾਦ-ਪਲਵਲ ਖੇਤਰ ਦੇ ਗਾਇਕ ਸੁਰਿੰਦਰ ਰਾਵਤ ਨੇ ਯੂਟਿਊਬ 'ਤੇ ਅਪਲੋਡ ਕੀਤੇ ਗਾਣੇ ਵਿੱਚ ਗਊ ਰੱਖਿਆ ਦੇ ਨਾਂਅ 'ਤੇ ਭੀੜ ਹਿੰਸਾ ਤੇ ਹੱਤਿਆ ਲਈ ਉਕਸਾਇਆ ਹੈ। ਵੀਡੀਓ ਵਿੱਚ ਭਗਵਾਂ ਝੰਡਿਆਂ ਵਾਲੀ ਭੀੜ, ਗਊਆਂ ਤੇ ਹਿੰਸਕ ਦ੍ਰਿਸ਼ ਦਿਖਾਏ ਗਏ ਹਨ।

ਇਹ ਵੀਡੀਓ ਉਦੋਂ ਸਾਹਮਣੇ ਆਏ ਹਨ, ਜਦੋਂ ਮੁਸਲਮਾਨਾਂ ਤੇ ਈਸਾਈਆਂ ਖਿਲਾਫ ਹਿੰਸਾ ਦੇ ਮਾਮਲੇ ਤੇਜ਼ੀ ਨਾਲ ਵਧ ਰਹੇ ਹਨ। 2025 ਦੇ ਪਹਿਲੇ ਤਿੰਨ ਮਹੀਨਿਆਂ ਵਿੱਚ ਭੀੜਾਂ ਨੇ ਪੰਜ ਮੁਸਲਮਾਨਾਂ ਨੂੰ ਮਾਰ ਦਿੱਤਾ ਸੀ ਤੇ ਕਈ ਜ਼ਖਮੀ ਕਰ ਦਿੱਤੇ ਸਨ। ਜਨਵਰੀ ਤੋਂ ਜੁਲਾਈ ਤੱਕ ਈਸਾਈਆਂ ਖਿਲਾਫ 334 ਮਾਮਲੇ ਦਰਜ ਕੀਤੇ ਗਏ। ਕ੍ਰਿਸਮਸ ਦੌਰਾਨ ਈਸਾਈਆਂ 'ਤੇ ਹਮਲੇ ਸੰਵਿਧਾਨਕ ਸੁਰੱਖਿਆ ਦੀ ਨਾਕਾਮੀ ਨੂੰ ਦਰਸਾਉਂਦੇ ਹਨ।

ਤਾਜ਼ਾ ਵੀਡੀਓਜ਼ ਨੂੰ ਲੈ ਕੇ ਲੋਕਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਟੈਗ ਕਰਕੇ ਪੁਲਸ ਨੂੰ ਬਣਦੀ ਕਾਰਵਾਈ ਕਰਨ ਲਈ ਕਿਹਾ ਹੈ, ਪਰ ਪੁਲਸ ਨੇ ਅਜੇ ਤੱਕ ਕੋਈ ਕਾਰਵਾਈ ਨਹੀਂ ਕੀਤੀ। ਜੇ ਦੇਸ਼ ਦਾ ਮੁਖੀਆ ਹੀ ਅਜਿਹੀਆਂ ਘਟਨਾਵਾਂ ਬਾਰੇ ਚੁੱਪ ਰਹਿੰਦਾ ਹੈ ਤਾਂ ਪੁਲਸ ਵੀ ਸਮਝ ਜਾਂਦੀ ਹੈ ਕਿ ਉਸ ਨੂੰ ਕਾਰਵਾਈ ਕਰਨ ਦੀ ਕੀ ਲੋੜ ਪਈ ਹੈ। ਹਾਕਮਾਂ ਦੀ ਚੁੱਪੀ ਤੇ ਪੁਲਸ ਦੀ ਬੇਹਰਕਤੀ ਸਮਾਜ ਵਿੱਚ ਵੰਡ ਨੂੰ ਹੋਰ ਵਧਾ ਰਹੀ ਹੈ।

## ਜੀ ਰਾਮ ਜੀ !

ਸੱਤਾ ਹੱਥ ਆਉਂਦੇ ਹੀ ਬਣ ਜਾਂਦੇ 'ਖਾਸ' ਯਾਰੋ,
ਦਾਅਵੇ ਰਹਿਣ ਕਰਦੇ ਜੋ ਬੰਦੇ ਅਸੀਂ ਆਮ ਜੀ।
ਹੁੰਦੇ ਨੇ ਪਸੰਦ 'ਪਹਿਲੀ' ਉਹੀ ਜਣੇ ਹਾਕਮਾਂ ਨੂੰ,
ਸਿਖਰ ਦੁਪਹਿਰ ਨੂੰ ਵੀ ਕਹਿਣ ਪਈ ਸ਼ਾਮ ਜੀ।
ਚੋਣਾਂ ਅੱਗੇ ਆਉਂਦੀਆਂ ਦਾ ਖਰਚਾ ਕਰਨ ਹਿੱਤ,
ਜਾਇਜ਼ ਜਾਂ ਨਜਾਇਜ਼ 'ਕੱਠੇ ਕਰਦੇ ਨੇ ਦਾਮ ਜੀ।
ਬਹੁਤ ਮਾੜੀ ਹੁੰਦੀ ਲੋੜਵੰਦਾਂ ਕੋਲੋਂ 'ਰੋਜ਼ੀ' ਖੋਹਣੀ,
ਜ਼ਿੰਦਗੀ ਦਾ ਚੱਕਾ ਹੀ ਜਿਨ੍ਹਾਂ ਦਾ ਰਹੇ 'ਜਾਮ' ਜੀ।
ਕੱਢਣਗੇ 'ਲੋਕ ਮਨਾਂ' ਵਿੱਚੋਂ 'ਇਤਿਹਾਸ' ਕਿੱਦਾਂ,
ਜੁਗੜਿਆਂ ਪੁਰਾਣੇ' ਜੋ ਬਦਲ ਰਹੇ ਐ ਨਾਮ ਜੀ।
ਇਲਾਹਾਬਾਦ ਸ਼ਹਿਰ ਨੂੰ ਬਣਾ'ਤਾ ਪ੍ਰਯਾਗਰਾਜ,
ਨਰੇਗਾ ਮਨਰੇਗਾ ਹੁਣ ਹੋ ਗਿਆ 'ਜੀ ਰਾਮ ਜੀ'।

-ਤਰਲੋਚਨ ਸਿੰਘ 'ਦੁਪਾਲਪੁਰ', 001-408-905-517

# ਔਰਤਾਂ ਦੇ ਸਨਮਾਨ ਨੂੰ ਸੱਟ ਤੇ ਹੱਕਾਂ ਉਤੇ ਡਾਕਾ

ਨਰਿੰਦਰ ਸੋਹਲ

ਦੇਸ਼ ਦੇ ਹਾਲਾਤ ਦਿਨੋ-ਦਿਨ ਜਿਸ ਪਾਸੇ ਵੱਲ ਵਧ ਰਹੇ ਹਨ, ਔਰਤਾਂ ਲਈ ਕਈ ਚੁਣੌਤੀਆਂ ਮੂੰਹ ਅੱਡੀ ਖੜੀਆਂ ਹਨ। ਸਦੀਆਂ ਤੋਂ ਜ਼ੁਲਮ ਸਹਿੰਦੀ ਆ ਰਹੀ ਔਰਤ ਜਦੋਂ ਆਪਣੇ ਹੱਕਾਂ, ਹਿੱਤਾਂ ਲਈ ਚੇਤਨ ਹੋ ਮੈਦਾਨ 'ਚ ਆਈ ਤਾਂ ਬਹੁਤ ਕੁਝ ਪ੍ਰਾਪਤ ਕਰਨ ਵਿੱਚ ਕਾਮਯਾਬ ਹੋਈ ਹੈ, ਪਰ ਉਹ ਕਦੇ ਅਵੇਸਲੀ ਨਹੀਂ ਹੋ ਸਕਦੀ, ਕਿਉਂਕਿ ਪਤਾ ਨਹੀਂ ਕਦੋਂ ਉਸ ਦੇ ਹੱਕਾਂ ਉਤੇ ਡਾਕਾ ਪੈ ਜਾਵੇ ਅਤੇ ਮਿਲੇ ਸਨਮਾਨ ਨੂੰ ਢਾਹ ਲੱਗ ਜਾਵੇ। ਦੇਸ਼ ਵਿੱਚ ਹੁਣੇ ਵਾਪਰੀਆਂ ਕੁਝ ਘਟਨਾਵਾਂ ਨੇ ਇਹ ਸਹੀ ਸਾਬਤ ਕਰ ਦਿੱਤਾ ਹੈ। ਸਭ ਤੋਂ ਪਹਿਲਾਂ ਗੱਲ ਕਰਦੇ ਹਾਂ ਮਨਰੇਗਾ ਦੀ, ਜਿਸ ਵਿੱਚ 90% ਔਰਤਾਂ ਹੀ ਕੰਮ ਕਰਦੀਆਂ ਹਨ। ਇਹ ਕਾਨੂੰਨ ਬਣਨ ਬਾਰੇ ਜਦੋਂ ਉਹਨਾਂ ਨੂੰ ਪਤਾ ਲੱਗਾ ਤਾਂ ਉਹ ਸਭ ਤੋਂ ਪਹਿਲਾਂ ਕੰਮ ਲੈਣ ਲਈ ਘਰੋਂ ਨਿਕਲੀਆਂ, ਕਿਉਂਕਿ ਇਹ ਕਾਨੂੰਨ ਉਹਨਾਂ ਨੂੰ ਆਪਣੇ ਹੀ ਪਿੰਡਾਂ ਵਿੱਚ ਕੰਮ ਕਰਨ ਤੇ ਦਿਹਾੜੀ ਮਰਦਾਂ ਬਰਾਬਰ ਦੇਣ ਦੀ ਗਰੰਟੀ ਦਿੰਦਾ ਸੀ। ਆਦਮੀ ਜਿਥੇ ਮਰਜ਼ੀ ਦਿਹਾੜੀ 'ਤੇ ਜਾ ਸਕਦਾ ਹੈ, ਪਰ ਔਰਤਾਂ ਲਈ ਘਰਾਂ ਤੋਂ ਦੂਰ ਜਾਣਾ ਔਖਾ ਹੁੰਦਾ ਹੈ। ਇਸ ਕਰਕੇ ਉਹ ਮਨਰੇਗਾ ਅਧੀਨ ਕੰਮ ਕਰਨ ਲੱਗੀਆਂ, ਜਿਸ ਨਾਲ ਉਹਨਾਂ ਦੀ ਜੇਬ ਵਿੱਚ ਪੈਸੇ ਆਉਣ ਲੱਗੇ। ਉਹ ਆਪਣੀਆਂ ਤੇ ਬੱਚਿਆਂ ਦੀਆਂ ਕੁਝ ਲੋੜਾਂ ਪੂਰੀਆਂ ਕਰਨ ਦੇ ਸਮਰੱਥ ਬਣੀਆਂ। ਉਹਨਾਂ ਨੂੰ ਦੂਜਿਆਂ ਅੱਗੇ ਹੱਥ ਅੱਡਣ ਤੋਂ ਛੁਟਕਾਰਾ ਮਿਲਿਆ। ਇਹ ਕੰਮ ਉਹਨਾਂ ਦੇ ਸਨਮਾਨ ਨੂੰ ਵਧਾਉਂਦਾ ਸੀ। ਕਾਨੂੰਨ ਦੀਆਂ ਬਰੀਕੀਆਂ ਬਾਰੇ ਜਿੰਨੀ ਜਾਣਕਾਰੀ ਇਹ ਅਨਪੜ੍ਹ ਔਰਤਾਂ ਨੇ ਹਾਸਲ ਕਰ ਲਈ, ਓਨੀ ਤਾਂ ਸਰਕਾਰੀ ਅਧਿਕਾਰੀਆਂ ਨੂੰ ਵੀ ਨਹੀਂ ਪਤਾ ਸੀ। ਕੰਮ ਲੈਣ ਤੇ ਪੈਸੇ ਖਾਤਿਆਂ ਵਿੱਚ ਪਵਾਉਣ ਲਈ ਕੀਤੇ ਜਾਂਦੇ ਧਰਨੇ, ਮੁਜ਼ਾਹਰਿਆਂ ਦੌਰਾਨ ਕਾਨੂੰਨ ਬਾਰੇ ਬੋਲ ਅਫਸਰਾਂ ਦੇ ਮੂੰਹ ਬੰਦ ਕਰ ਦਿੰਦੀਆਂ ਸਨ।

ਪਰ ਹੁਣ ਕੇਂਦਰ ਸਰਕਾਰ ਵੱਲੋਂ ਜਿਥੇ ਮਨਰੇਗਾ ਦਾ ਨਾਂਅ ਬਦਲ ਦਿੱਤਾ ਗਿਆ ਹੈ, ਉਥੇ ਇਸ ਦੀ ਰੂਹ ਹੀ ਖਤਮ ਕਰ ਦਿੱਤੀ ਗਈ ਹੈ। ਕੇਂਦਰ ਸਰਕਾਰ ਲਗਾਤਰ ਬਜਟ ਘਟਾਉਂਦੀ ਆ ਰਹੀ ਸੀ ਤੇ ਹੁਣ ਉਸ ਨੇ ਆਪਣਾ ਹਿੱਸਾ ਘਟਾ ਕੇ 60 ਫੀਸਦੀ ਤੇ ਸੂਬਿਆਂ ਦਾ 40 ਫੀਸਦੀ ਕਰ ਦਿੱਤਾ ਹੈ, ਜਿਸ ਨਾਲ ਵਧੇਰੇ ਜ਼ੁੰਮੇਵਾਰੀ ਤੇ ਬੋਝ ਸੂਬਿਆਂ ਉਤੇ ਪਾ ਦਿੱਤਾ ਗਿਆ ਹੈ। ਦੂਜੇ ਪਾਸੇ ਇਹ ਵੀ ਜ਼ਿਕਰਯੋਗ ਹੈ ਕਿ ਕੰਮ ਚਲਾਉਣ ਲਈ ਕੇਂਦਰ ਦੀ ਮਨਜ਼ੂਰੀ ਲੈਣੀ ਪਵੇਗੀ। ਬੇਸ਼ੱਕ ਦਿਨਾਂ ਦੀ ਗਿਣਤੀ 125 ਕਰਨ ਦੀ ਗੱਲ ਕਹੀ ਗਈ ਹੈ,ਜੋ ਮਜ਼ਦੂਰਾਂ ਨੂੰ ਸਿਰਫ ਗੁੰਮਰਾਹ ਕਰਨ ਦੀ ਕੋਸ਼ਿਸ਼ ਹੀ ਕੀਤੀ ਗਈ ਹੈ। ਕਿਉਂਕਿ ਜਿਥੇ ਪਹਿਲਾਂ ਹੀ ਔਸਤਨ 50 ਦਿਨਾਂ ਤੋਂ ਵੱਧ ਕੰਮ ਨਹੀਂ ਦਿੱਤਾ ਜਾਂਦਾ ਸੀ, ਉਥੇ ਇਕ ਸੌ ਪੰਚੀ ਦਿਨ ਕੰਮ ਕਿਵੇਂ ਮਿਲੂ ? ਖੇਤੀ ਸੀਜ਼ਨ ਦੌਰਾਨ ਮਜ਼ਦੂਰਾਂ ਨੂੰ ਕੰਮ ਨਾ ਦੇਣ ਦਾ ਵੀ ਇਸ ਵਿਚ ਜ਼ਿਕਰ ਕੀਤਾ ਗਿਆ ਹੈ। ਹੁਣ ਕੰਮ ਮਿਣਤੀ ਰਾਹੀਂ ਦਿਹਾੜੀ ਨਿਸਚਿਤ ਹੋਵੇਗੀ, ਜੋ ਮਜ਼ਦੂਰ ਨੂੰ ਕੰਮ ਪੂਰਤੀ ਲਈ 12 ਘੰਟੇ ਕੰਮ ਵੱਲ ਧੱਕਿਆ ਜਾਵੇਗਾ, ਜੋ ਇਕ ਵੱਡਾ ਧੱਕਾ ਹੈ। ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਕੇਂਦਰ ਸਰਕਾਰ ਵੱਲੋਂ ਟੇਢੇ ਢੰਗ ਨਾਲ ਇਸ ਕਾਨੂੰਨ ਨੂੰ ਖਤਮ ਕਰਨ ਦਾ ਫੁਰਮਾਨ ਹੀ ਜਾਰੀ ਕਰ ਦਿੱਤਾ ਹੈ, ਜਿਸ ਦਾ ਸਭ ਤੋਂ ਵੱਧ ਮਾਰੂ ਅਸਰ ਔਰਤਾਂ 'ਤੇ ਪੈਣਾ ਹੈ। ਆਰਥਿਕ ਤੌਰ 'ਤੇ ਕਮਜ਼ੋਰ ਔਰਤਾਂ ਦੇ ਸਨਮਾਨ ਨੂੰ ਸੱਟ ਵੱਜਣੀ ਹੈ।

ਦੂਜਾ ਮਾਮਲਾ ਹੈ ਚੌਧਰੀਆਂ ਵੱਲੋਂ ਔਰਤਾਂ ਵਿਰੋਧੀ ਫਰਮਾਨ ਜਾਰੀ ਕਰਨਾ। ਰਾਜਸਥਾਨ ਦੇ ਜਲੌਰ ਜ਼ਿਲ੍ਹੇ ਵਿੱਚ ਇੱਕ ਪੰਚਾਇਤ ਵੱਲੋਂ ਔਰਤਾਂ ਦੁਆਰਾ ਸਮਾਰਟ ਫੋਨ ਦੀ ਵਰਤੋਂ 'ਤੇ ਪਾਬੰਦੀ ਲਗਾਉਣ ਦਾ ਫੈਸਲਾ ਕੀਤਾ ਗਿਆ ਹੈ। ਇਹ ਫੈਸਲਾ ਔਰਤਾਂ ਦੇ ਮੌਲਿਕ ਅਧਿਕਾਰਾਂ 'ਤੇ ਸਿੱਧਾ ਹਮਲਾ ਹੈ। ਸੰਵਿਧਾਨ, ਲੋਕਤੰਤਰੀ ਕਦਰਾਂ-ਕੀਮਤਾਂ ਅਤੇ ਲਿੰਗ ਸਮਾਨਤਾ ਦੇ ਸਿਧਾਂਤਾਂ ਦੀ ਸਪੱਸ਼ਟ ਉਲੰਘਣਾ ਹੈ। ਅੱਜ ਦੇ ਸਮੇਂ ਵਿੱਚ ਸਮਾਰਟ ਫੋਨ ਸਿਰਫ਼ ਔਰਤਾਂ ਲਈ ਸੰਚਾਰ ਦਾ ਸਾਧਨ ਨਹੀਂ, ਇਹ ਸਿੱਖਿਆ, ਸਿਹਤ ਸੰਭਾਲ, ਰੁਜ਼ਗਾਰ ਦੇ ਮੌਕਿਆਂ, ਸਰਕਾਰੀ ਭਲਾਈ ਸਕੀਮਾਂ, ਡਿਜੀਟਲ ਭੁਗਤਾਨਾਂ, ਐਮਰਜੈਂਸੀ ਸਹਾਇਤਾ ਅਤੇ ਪ੍ਰਗਟਾਵੇ ਦੀ ਆਜ਼ਾਦੀ ਲਈ ਇੱਕ ਜ਼ਰੂਰੀ ਸਾਧਨ ਹੈ। ਔਰਤਾਂ ਨੂੰ ਇਸ ਤਕਨਾਲੋਜੀ ਤੱਕ ਪਹੁੰਚ ਤੋਂ ਇਨਕਾਰ ਕਰਨਾ ਭਾਰਤੀ ਸੰਵਿਧਾਨ ਦੇ ਅਨੁਛੇਦ 14 (ਸਮਾਨਤਾ ਦਾ ਅਧਿਕਾਰ), ਅਨੁਛੇਦ 19 (ਪ੍ਰਗਟਾਵੇ ਦੀ ਆਜ਼ਾਦੀ) ਅਤੇ ਅਨੁਛੇਦ 21 (ਸਨਮਾਨ ਨਾਲ ਜੀਵਨ ਦਾ ਅਧਿਕਾਰ) ਦੀ ਘੋਰ ਉਲੰਘਣਾ ਹੈ। ਅਜਿਹੇ ਫੈਸਲੇ ਔਰਤਾਂ ਦੀ ਆਜ਼ਾਦੀ, ਸੁਰੱਖਿਆ ਅਤੇ ਆਰਥਿਕ ਸੁਤੰਤਰਤਾ ਨੂੰ ਕਮਜ਼ੋਰ ਕਰਦੇ ਹਨ। ਜੋ ਡਿਜੀਟਲ ਇੰਡੀਆ, ਬੇਟੀ ਬਚਾਓ-ਬੇਟੀ ਪੜ੍ਹਾਓ ਵਰਗੇ ਸਰਕਾਰੀ ਦਾਅਵਿਆਂ ਦੇ ਖੋਖਲੇਪਣ ਨੂੰ ਉਜਾਗਰ ਕਰਦੇ ਹਨ। ਔਰਤਾਂ ਕਿਸੇ ਵੀ ਪੰਚਾਇਤ ਜਾਂ ਸਮਾਜ ਦੀ ਜਾਇਦਾਦ ਨਹੀਂ ਹੁੰਦੀਆਂ। ਹਰ ਤਰ੍ਹਾਂ ਦੀਆਂ ਪਾਬੰਦੀਆਂ ਔਰਤਾਂ ਲਈ ਹੀ ਕਿਉਂ ?

ਤੀਸਰਾ ਮਾਮਲਾ ਹੈ ਉਨਾਓ ਰੇਪ ਕੇਸ ਦਾ। ਅਦਾਲਤਾਂ ਵੀ ਜੇ ਪੱਖਪਾਤ ਕਰਨ ਲੱਗ ਜਾਣ ਤਾਂ ਔਰਤਾਂ ਇਨਸਾਫ ਦੀ ਉਮੀਦ ਕਿਸ ਕੋਲੋਂ ਕਰਨ ? ਸਾਲ 2017 ਵਿੱਚ ਪੀੜਤਾ ਵੱਲੋਂ ਭਾਜਪਾ ਆਗੂ ਅਤੇ ਤਤਕਾਲੀ ਵਿਧਾਇਕ ਕੁਲਦੀਪ ਸਿੰਘ ਸੇਂਗਰ 'ਤੇ ਬਲਾਤਕਾਰ ਦਾ ਇਲਜ਼ਾਮ ਲਗਾਇਆ ਗਿਆ ਸੀ। ਉਸ ਸਮੇਂ ਪੀੜਤਾਂ ਦੀ ਉਮਰ ਸਿਰਫ਼ 17 ਸਾਲ ਸੀ। ਦੇਸ਼ ਵਿੱਚ ਅਣਗਿਣਤ ਬੱਚੀਆਂ ਨਾਲ ਰੇਪ ਹੁੰਦਾ ਹੈ ਤੇ ਜ਼ਿਆਦਾਤਰ ਮਾਰ ਵੀ ਦਿੱਤੀਆਂ ਜਾਂਦੀਆਂ।ਬਹੁਤ ਘੱਟ ਦੋਸ਼ੀਆਂ ਨੂੰ ਸਜ਼ਾ ਮਿਲ ਪਾਉਂਦੀ ਹੈ। ਉਹ ਵੀ ਉਦੋਂ ਹੀ ਜਦੋਂ ਪੀੜਤਾ ਇਨਸਾਫ ਲਈ ਸੜਕਾਂ 'ਤੇ ਉਤਰਦੀ ਹੈ। ਅਜਿਹਾ ਹੀ ਉਨਾਓ ਦੀ ਪੀੜਤਾ ਨਾਲ ਵਾਪਰਿਆ। ਰੇਪ ਫਿਰ ਗੈਂਗਰੇਪ, ਪੁਲਸ ਕਸਟਡੀ ਵਿੱਚ ਪਿਤਾ ਦੀ ਮੌਤ, ਸੜਕ ਹਾਦਸੇ ਵਿੱਚ ਦੋ ਰਿਸ਼ਤੇਦਾਰਾਂ ਅਤੇ ਵਕੀਲ ਦੀ ਮੌਤ ਅਤੇ ਹਸਪਤਾਲ ਵਿੱਚ ਛੇ ਮਹੀਨੇ ਲੰਮੀ ਚੱਲੀ ਜ਼ਿੰਦਗੀ ਬਚਾਉਣ ਦੀ ਜੰਗ। ਅਨੇਕਾਂ ਕਸ਼ਟ ਝੱਲੇ ਤੇ ਇਨ੍ਹਾਂ ਅੱਠ ਸਾਲਾਂ ਵਿੱਚ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਵੀ ਹੋਈ, ਮੁਕੱਦਮੇ ਚੱਲੇ, ਸਜ਼ਾ ਵੀ ਸੁਣਾਈ ਗਈ, ਪਰ ਅਚਾਨਕ ਦਿੱਲੀ ਹਾਈ ਕੋਰਟ ਦਾ ਫ਼ੈਸਲਾ ਹੈਰਾਨ ਕਰਨ ਵਾਲਾ ਸੀ। ਦਿੱਲੀ ਹਾਈ ਕੋਰਟ ਨੇ 23 ਦਸੰਬਰ ਨੂੰ ਸੇਂਗਰ ਦੀ ਸਜ਼ਾ ਮੁਅੱਤਲ ਕਰਦਿਆਂ ਉਸ ਨੂੰ ਜ਼ਮਾਨਤ ਦੇ ਦਿੱਤੀ ਸੀ, ਜਿਸ ਨੇ ਪੀੜਤਾ ਨੂੰ ਫਿਰ ਦਿੱਲੀ ਦੀਆਂ ਠੰਢੀਆਂ ਸੜਕਾਂ ਉਤੇ ਪ੍ਰਦਰਸ਼ਨ ਕਰਨ ਲਈ ਮਜਬੂਰ ਕਰ ਦਿੱਤਾ, ਕਿਉਂਕਿ ਅਜਿਹਾ ਤਾਕਤਵਰ ਦੋਸ਼ੀ ਜੇ ਜੇਲ੍ਹ ਵਿੱਚੋਂ ਬਾਹਰ ਆ ਜਾਂਦਾ ਤਾਂ ਪੀੜਤਾ ਦੀ ਸੁਰੱਖਿਆ ਖਤਰੇ ਵਿੱਚ ਪੈ ਜਾਂਦੀ। ਬੇਸ਼ੱਕ ਅਦਾਲਤ ਨੇ ਕਿਹਾ ਸੀ ਕਿ ਪੀੜਤਾ ਤੇ ਉਸ ਦੀ ਮਾਂ ਦੇ ਪੰਜ ਕਿਲੋਮੀਟਰ ਦੇ ਦਾਇਰੇ ਵਿੱਚ ਕੁਲਦੀਪ ਸਿੰਘ ਸੇਂਗਰ ਨਹੀਂ ਜਾਵੇਗਾ, ਪਰ ਦੋਸ਼ੀ ਲਈ ਪੰਜ ਕਿਲੋਮੀਟਰ ਤਾਂ ਕੁਝ ਵੀ ਨਹੀਂ ਸੀ। ਅਖੀਰ ਪੀੜਤਾ ਦੇ ਸੰਘਰਸ਼ ਦੀ ਜਿੱਤ ਹੋਈ ਤੇ ਸੁਪਰੀਮ ਕੋਰਟ ਨੇ ਕੁਲਦੀਪ ਸਿੰਘ ਸੇਂਗਰ ਨੂੰ ਦਿੱਤੀ ਗਈ ਜ਼ਮਾਨਤ 'ਤੇ ਰੋਕ ਲਗਾ ਦਿੱਤੀ ਅਤੇ ਦਿੱਲੀ ਹਾਈ ਕੋਰਟ ਦੇ ਪੁਰਾਣੇ ਹੁਕਮਾਂ ਨੂੰ ਮੁਅੱਤਲ ਕਰ ਦਿੱਤਾ ਹੈ। ਬੇਸ਼ੱਕ ਇਹ ਫੈਸਲਾ ਪੀੜਤਾ ਦੀ ਹਿੰਮਤ ਦਾ ਨਤੀਜਾ ਹੈ, ਜੋ ਹੋਰ ਔਰਤਾਂ ਲਈ ਪ੍ਰੇਰਿਤ ਕਰਨ ਵਾਲਾ ਹੈ ਕਿ ਆਪਣੇ ਹੱਕ ਲੈਣ ਲਈ ਖੁਦ ਹੀ ਮੈਦਾਨ ਵਿੱਚ ਆਉਣਾ ਪੈਂਦਾ।

ਚੌਥਾ ਮਾਮਲਾ ਹੈ ਬਿਹਾਰ ਦੇ ਮੁੱਖ ਮੰਤਰੀ ਵੱਲੋਂ ਕੀਤੀ ਗਈ ਘਿਨਾਉਣੀ ਹਰਕਤ ਦਾ। ਨਿਯੁਕਤੀ ਪੱਤਰ ਦੇਣ ਵੇਲੇ ਅਚਾਨਕ ਔਰਤ ਦਾ ਬੁਰਕਾ ਮੁੱਖ ਮੰਤਰੀ ਵੱਲੋਂ ਆਪਣੇ ਹੱਥਾਂ ਨਾਲ ਚੁੱਕ ਦਿੱਤਾ ਗਿਆ। ਜੇ ਕੋਈ ਸ਼ੱਕ ਸੀ ਤਾਂ ਕਿਸੇ ਔਰਤ ਅਧਿਕਾਰੀ ਦੀ ਡਿਊਟੀ ਲਗਾਈ ਜਾਂਦੀ ਅਤੇ ਉਸ ਦੇ ਡਾਕੂਮੈਂਟਸ ਨਾਲ ਉਸ ਦੇ ਚਿਹਰੇ ਦਾ ਮਿਲਾਨ ਕੀਤਾ ਜਾ ਸਕਦਾ ਸੀ, ਪਰ ਸ਼ਰੇਆਮ ਕਿਸੇ ਔਰਤ ਦਾ ਬੁਰਕਾ ਚੁੱਕ ਦੇਣਾ ਔਰਤ ਜਾਤੀ ਦਾ ਅਪਮਾਨ ਹੈ। ਇਹ ਔਰਤਾਂ ਦੀ ਨਿਜਤਾ ਅਤੇ ਧਾਰਮਿਕ ਅਜ਼ਾਦੀ ਉੱਤੇ ਸਿੱਧਾ ਹਮਲਾ ਹੈ। ਔਰਤ ਦੀ ਪਛਾਣ, ਆਸਥਾ ਅਤੇ ਪਹਿਰਾਵੇ 'ਤੇ ਫੈਸਲਾ ਲੈਣ ਦਾ ਅਧਿਕਾਰ ਕੇਵਲ ਉਸੇ ਔਰਤ ਦਾ ਹੈ, ਸਗੋਂ ਰਾਜ ਸਰਕਾਰ ਔਰਤਾਂ ਦੀ ਸੁਰੱਖਿਆ, ਸਨਮਾਨ ਅਤੇ ਸੁਤੰਤਰਤਾ ਯਕੀਨੀ ਬਣਾਉਣ ਲਈ ਜਵਾਬਦੇਹ ਹੈ, ਨਾ ਕਿ ਜਨਤਕ ਤੌਰ 'ਤੇ ਅਪਮਾਨਤ ਕਰਨ ਲਈ। ਸਵਾਲ ਖੜਾ ਹੁੰਦਾ ਕਿ ਜੇ ਸੱਤਾ 'ਚ ਬੈਠੇ ਲੋਕ ਹੀ ਔਰਤਾਂ ਦੇ ਹੱਕਾਂ ਪ੍ਰਤੀ ਅਸੰਵੇਦਨਸ਼ੀਲ ਹਨ ਤਾਂ ਹੋਰਾਂ ਤੋਂ ਕੀ ਆਸ ਰੱਖੀ ਜਾ ਸਕਦੀ ਹੈ। ਇਹਨਾਂ ਘਟਨਾਵਾਂ ਨੇ ਸਾਬਤ ਕਰ ਦਿੱਤਾ ਹੈ ਕਿ ਔਰਤਾਂ ਨੂੰ ਮਿਲੇ ਹੱਕਾਂ ਉਤੇ ਕਦੇ ਵੀ ਡਾਕਾ ਵੱਜ ਸਕਦਾ ਅਤੇ ਅਪਮਾਨਿਤ ਕੀਤਾ ਜਾ ਸਕਦਾ। ਇਸ ਲਈ ਔਰਤਾਂ ਲਈ ਬਿਨਾਂ ਅਵੇਸਲੇ ਹੋਏ, ਆਪਣੇ ਹੱਕਾਂ ਅਤੇ ਸਨਮਾਨ ਲਈ ਇਕਜੁੱਟ ਹੋ ਕੇ ਆਵਾਜ਼ ਬੁਲੰਦ ਕਰਨ ਤੋਂ ਬਗੈਰ ਹੋਰ ਕੋਈ ਚਾਰਾ ਨਹੀਂ। ਜੇ ਅੱਜ ਅਸੀਂ ਚੁੱਪ ਰਹੇ ਤਾਂ ਕੱਲ ਨੂੰ ਸਾਡੇ ਲਈ ਬੋਲਣ ਵਾਲਾ ਵੀ ਕੋਈ ਨਹੀਂ ਹੋਣਾ।

# ਸੰਪਰਕ : 94641-13255

# ਆਓ, ਜ਼ਿੰਦਗੀ ਦੇ 

# ਨਵੇਂ ਕਾਨੂੰਨਾਂ ਦੇ ਵਿਰੋਧ 'ਚ ਟਰੇਡ ਯੂਨੀਅਨਾਂ ਵੱਲੋਂ ਪ੍ਰਦਰਸ਼ਨ

**ਲੁਧਿਆਣਾ (ਐੱਮ ਐੱਸ ਭਾਟੀਆ)** ਲੁਧਿਆਣਾ ਵਿਖੇ ਰੇਲਵੇ ਸਟੇਸ਼ਨ ਦੇ ਬਾਹਰ ਏਟਕ, ਸੀਟੂ ਤੇ ਸੀ ਟੀ ਯੂ ਵੱਲੋਂ ਸਾਂਝੇ ਤੌਰ 'ਤੇ ਪਿਛਲੇ ਸਮੇਂ ਦੇ ਵਿੱਚ ਸਰਕਾਰ ਵੱਲੋਂ ਪੰਜ ਲੋਕ ਵਿਰੋਧੀ ਤੇ ਦੇਸ਼ ਦੇ ਹਿੱਤਾਂ ਦੇ ਵਿਰੁੱਧ ਕਾਨੂੰਨ ਲਿਆਉਣ ਦੇ ਵਿਰੋਧ ਵਿੱਚ ਪ੍ਰਦਰਸ਼ਨ ਕੀਤਾ ਗਿਆ।ਇਸ ਮੌਕੇ ਬੁਲਾਰਿਆਂ ਨੇ ਕਿਹਾ ਕਿ ਮੋਦੀ ਸਰਕਾਰ ਨੇ ਮਨਰੇਗਾ ਨੂੰ ਖਤਮ ਕਰਨ ਦਾ ਬਿਲ, ਮਜ਼ਦੂਰ ਵਿਰੋਧੀ ਚਾਰ ਲੇਬਰ ਕੋਡ ਬਣਾਉਣ, ਬਿਜਲੀ ਸੋਧ ਬਿਲ, ਬੀਜ ਬਿਲ ਤੇ ਪ੍ਰਮਾਣੂ ਬਿੱਲ ਸੰਸਦ ਦੇ ਵਿੱਚ ਪੇਸ਼ ਕਰਕੇ ਜਾਂ ਪਾਸ ਕਰਾ ਕੇ ਮਿਹਨਤ ਕਸ਼ ਲੋਕਾਂ ਦੇ ਹੱਕਾਂ 'ਤੇ ਸੱਟ ਮਾਰੀ ਹੈ।ਮਨਰੇਗਾ ਨੂੰ ਖਤਮ ਕਰਕੇ ਜਿਹੜਾ ਨਵਾਂ ਬਿੱਲ ਲਿਆਂਦਾ ਗਿਆ ਹੈ, ਉਸ ਦੇ ਨਾਲ ਕੰਮ ਦੀ ਗਰੰਟੀ ਲਗਭਗ ਖਤਮ ਹੋ ਜਾਏਗੀ।ਪਹਿਲਾਂ 90% ਪੈਸਾ ਕੇਂਦਰ ਸਰਕਾਰ ਦਿੰਦੀ ਸੀ ਤੇ 10 ਪ੍ਰਤੀਸ਼ਤ ਸੂਬਾ ਸਰਕਾਰ, ਪਰ ਹੁਣ ਸੂਬਿਆਂ ਤੇ 40% ਦਾ ਬੋਝ ਪਾ ਕੇ ਇੱਕ ਤਰੀਕੇ ਨਾਲ ਬੜੇ ਸਾਜ਼ਿਸ਼ੀ ਢੰਗ ਦੇ ਨਾਲ ਮਨਰੇਗਾ ਨੂੰ ਖਤਮ ਕੀਤਾ ਜਾ ਰਿਹਾ ਹੈ।ਮਨਰੇਗਾ 'ਤੇ ਖਰਚ ਹੋਣ ਵਾਲਾ ਕੁੱਲ ਬਜਟ ਵੀ ਬਹੁਤ ਜ਼ਿਆਦਾ ਘਟਾ ਦਿੱਤਾ ਗਿਆ ਹੈ।ਦੂਜੇ ਪਾਸੇ ਮਜ਼ਦੂਰਾਂ ਨੇ ਜੋ ਦਹਾਕਿਆਂ ਬੱਧੀ ਸੰਘਰਸ਼ ਕਰਕੇ ਆਪਣੇ ਹੱਕ ਦੇ ਕਾਨੂੰਨ ਬਣਵਾਏ ਸਨ, ਉਨ੍ਹਾਂ ਨੂੰ ਸਮਾਪਤ ਕਰਕੇ ਚਾਰ ਲੇਬਰ ਕੋਡਾਂ ਵਿੱਚ ਬਦਲਣ ਦੇ ਨਾਲ ਮਜ਼ਦੂਰਾਂ ਦਾ ਯੂਨੀਅਨ ਬਣਾਉਣ ਦਾ ਜੋ ਹੱਕ ਹੈ, ਉਸ ਨੂੰ ਬਹੁਤ ਸੱਟ ਮਾਰੀ ਹੈ।ਲੇਬਰ ਮਹਿਕਮੇ ਨੂੰ ਇੱਕ ਤਰੀਕੇ ਨਾਲ ਬੇਅਸਰ ਬਣਾ ਦਿੱਤਾ ਗਿਆ ਹੈ ਤੇ ਜੋ ਕਿੱਤਾ ਮੁਖੀ ਸੁਰੱਖਿਆ ਬਾਰੇ ਕਾਨੂੰਨ ਸਨ, ਉਨ੍ਹਾਂ ਨੂੰ ਬਹੁਤ ਹੀ ਕਮਜ਼ੋਰ ਕਰ ਦਿੱਤਾ ਗਿਆ ਹੈ।ਬਿਜਲੀ ਸੋਧ ਬਿਲ ਲਿਆ ਕੇ ਕਿਸਾਨਾਂ 'ਤੇ ਇਕਦਮ ਬੋਝ ਪਾ ਦਿੱਤਾ ਗਿਆ ਹੈ।ਬੀਜ ਬਿਲ ਦੇ ਨਾਲ ਨਾ ਤਾਂ ਹੁਣ ਕਿਸਾਨ ਆਪਣੇ ਬੀਜ ਬਣਾ ਸਕਣਗੇ ਨਾ ਹੀ ਖੇਤੀਬਾੜੀ ਯੂਨੀਵਰਸਿਟੀਆਂ ਵੀ ਕੋਈ ਬੀਜ ਬਣਾ ਸਕਣਗੀਆਂ।ਸਾਰੇ ਬੀਜ ਮਨਸੈਂਟੋ ਤੇ ਕਾਰਗਿਲ ਵਰਗੀਆਂ ਵਿਦੇਸ਼ੀ ਬਹੁ-ਰਾਸ਼ਟਰੀ ਕੰਪਨੀਆਂ ਤੋਂ ਖਰੀਦਣੇ ਪੈਣਗੇ।ਇਸ ਗੱਲ ਦੀ ਕੋਈ ਗਰੰਟੀ ਨਹੀਂ ਕਿ ਉਨ੍ਹਾਂ ਵਿੱਚ ਜੀ ਐੱਮ ਬੀਜ ਜਾਂ ਟਰਮੀਨੇਟਰ ਬੀਜ ਨਹੀਂ ਹੋਣਗੇ।ਇੱਕ ਹੋਰ ਬਿਲ ਜੋ ਪਾਰਲੀਮੈਂਟ 'ਚ ਪਾਸ ਕਰਾਇਆ ਗਿਆ ਹੈ, ਉਹ ਹੈ ਪ੍ਰਮਾਣੂ ਬਿੱਲ ਜਿਸ ਦੇ ਵਿੱਚ ਕਿ ਨਿੱਜੀ ਖੇਤਰ ਨੂੰ ਪ੍ਰਮਾਣੂ ਊਰਜਾ ਦੇ ਖੇਤਰ ਵਿੱਚ ਖੁੱਲ੍ਹ ਦੇ ਦਿੱਤੀ ਗਈ ਹੈ ਅਤੇ ਨਾਲ ਹੀ ਜਿਹੜੀਆਂ ਵਿਦੇਸ਼ੀ ਕੰਪਨੀਆਂ ਪ੍ਰਮਾਣੂ ਪਲਾਂਟ ਲਾਉਣ ਲਈ ਸਾਮਾਨ ਭੇਜਣਗੀਆਂ, ਜੇ ਸਾਮਾਨ ਵਿੱਚ ਨੁਕਸ ਦੇ ਕਾਰਨ ਕੋਈ ਦੁਰਘਟਨਾ ਹੁੰਦੀ ਹੈ, ਤਾਂ ਉਨ੍ਹਾਂ ਕੰਪਨੀਆਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਏਗੀ।ਉਸ ਸਥਿਤੀ ਵਿੱਚ ਕੱਲ ਮੁਆਵਜ਼ਾ ਜੋ ਕਿ ਕੇਵਲ 46 ਕਰੋੜ ਰੁਪਏ ਰੱਖਿਆ ਗਿਆ ਹੈ, ਪ੍ਰਤੀ ਦੁਰਘਟਨਾ ਉਹ ਮੁਆਵਜ਼ਾ ਵੀ ਬਹੁਤ ਘੱਟ ਹੈ ਤੇ ਉਸ ਦੀ ਭਰਪਾਈ ਵੀ ਸਰਕਾਰ ਨੂੰ ਲੋਕਾਂ ਦੇ ਪੈਸੇ ਨਾਲ ਕਰਨੀ ਪਏਗੀ।

ਟਰੇਡ ਯੂਨੀਅਨਾਂ ਇਨ੍ਹਾਂ ਬਿਲਾਂ ਖਿਲਾਫ਼ ਲਗਾਤਾਰ ਸੰਘਰਸ਼ ਜਾਰੀ ਰੱਖਣਗੀਆਂ ਤੇ ਦੇਸ਼ ਭਰ ਵਿੱਚ 12 ਫਰਵਰੀ ਨੂੰ ਇੱਕ ਦੇਸ਼ ਵਿਆਪੀ ਹੜਤਾਲ ਕੀਤੀ ਜਾਏਗੀ।ਇਸ ਮੌਕੇ ਸੰਬੋਧਨ ਕਰਨ ਵਾਲਿਆਂ ਵਿੱਚ ਕਾਮਰੇਡ ਡੀ ਪੀ ਮੌੜ, ਜਗਦੀਸ਼ ਚੰਦ, ਜੋਗਿੰਦਰ ਰਾਮ, ਵਿਜੇ ਕੁਮਾਰ, ਪਰਮਜੀਤ ਸਿੰਘ, ਚਮਕੌਰ ਸਿੰਘ, ਬਲਰਾਮ ਸਿੰਘ, ਕੇਵਲ ਸਿੰਘ ਬਨਵੈਤ ਤੇ ਕਰਨ ਰਾਏ ਸ਼ਾਮਲ ਸਨ।

# ਬਿਜਲੀ ਤੇ ਬੀਜ ਸੋਧ ਬਿੱਲ ਹਰ ਵਰਗ ਲਈ ਘਾਤਕ : ਰਣ ਸਿੰਘ

**ਦਿੜ੍ਹਬਾ (ਜਸਵੀਰ ਲਾਡੀ)**-ਕੇਂਦਰ ਸਰਕਾਰ ਵੱਲੋਂ ਲਿਆਂਦੇ ਗਏ ਬਿਜਲੀ ਸੋਧ ਬਿੱਲ ਤੇ ਬੀਜ ਸੋਧ ਬਿੱਲਾਂ ਨੂੰ ਲੋਕ ਮਾਰੂ ਕਰਾਰ ਦਿੰਦਿਆਂ ਨੰਬਰਦਾਰ ਯੂਨੀਅਨ ਦੇ ਸੂਬਾ ਜਰਨਲ ਸਕੱਤਰ ਸ੍ਰੀ ਰਣ ਸਿੰਘ ਮਹਿਲਾਂ ਨੇ ਕਿਹਾ ਹੈ ਕਿ ਇਹ ਬਿੱਲ ਕਿਸਾਨਾਂ, ਮਜ਼ਦੂਰਾਂ, ਦੁਕਾਨਦਾਰਾਂ ਸਮੇਤ ਹਰ ਵਰਗ ਦੇ ਲੋਕਾਂ ਲਈ ਬਹੁਤ ਹੀ ਘਾਤਕ ਸਾਬਿਤ ਹੋਣਗੇ।ਉਨ੍ਹਾਂ ਕਿਹਾ ਕਿ ਇਨ੍ਹਾਂ ਬਿੱਲਾਂ ਦੇ ਲਾਗੂ ਹੋਣ ਨਾਲ ਆਮ ਲੋਕਾਂ ਦੀ ਆਰਥਿਕ ਹਾਲਤ ਹੋਰ ਵੀ ਕਮਜ਼ੋਰ ਹੋ ਜਾਵੇਗੀ।

ਸ੍ਰੀ ਮਹਿਲਾਂ ਨੇ ਪੰਜਾਬ ਦੇ ਹਰ ਨੰਬਰਦਾਰ ਤੇ ਹਰ ਨਾਗਰਿਕ ਨੂੰ ਅਪੀਲ ਕਰਦਿਆਂ ਕਿਹਾ ਕਿ ਇਨ੍ਹਾਂ ਬਿੱਲਾਂ ਨੂੰ ਵਾਪਸ ਕਰਵਾਉਣ ਲਈ ਜੋ ਸੰਘਰਸ਼ ਚੱਲ ਰਹੇ ਹਨ, ਉਨ੍ਹਾਂ ਨੂੰ ਡੱਟ ਕੇ ਸਾਥ ਦਿੱਤਾ ਜਾਵੇ।ਉਨ੍ਹਾਂ ਦੱਸਿਆ ਕਿ ਬਿਜਲੀ ਸੋਧ ਬਿੱਲ ਲਾਗੂ ਹੋਣ ਨਾਲ ਮੀਟਰਾਂ ਦੀ ਰੀਡਿੰਗ ਲੈਣ ਤੇ ਬਿਜਲੀ ਬਿੱਲ ਵੰਡਣ ਵਾਲੇ ਲੱਖਾਂ ਕਰਮਚਾਰੀਆਂ ਦਾ ਰੋਜ਼ਗਾਰ ਖਤਮ ਹੋ ਸਕਦਾ ਹੈ।ਇਸ ਦੇ ਨਾਲ ਹੀ ਲਗਾਤਾਰ ਮੀਟਰਾਂ ਦੇ ਵਧਦੇ ਬਿੱਲ ਆਉਣ ਕਾਰਨ ਪਹਿਲਾਂ ਹੀ ਆਰਥਿਕ ਸੰਕਟ ਨਾਲ ਜੂਝ ਰਹੀ ਆਮ ਜਨਤਾ ਲਈ ਬਿਜਲੀ ਦੇ ਬਿੱਲ ਭਰਨਾ ਮੁਸ਼ਕਲ ਹੋ ਜਾਵੇਗਾ।ਉਨ੍ਹਾਂ ਕਿਹਾ ਕਿ ਬੀਜ ਸੋਧ ਬਿੱਲ ਲਾਗੂ ਹੋਣ ਨਾਲ ਕਿਸਾਨ ਆਪਣੇ ਖੇਤਾਂ ਵਿੱਚ ਆਪਣੇ ਬੀਜ ਤਿਆਰ ਕਰਨ ਤੋਂ ਵਾਂਝੇ ਰਹਿ ਜਾਣਗੇ ਤੇ ਮਜਬੂਰੀਵਸ ਹਰ ਛੇ ਮਹੀਨੇ ਨਵੇਂ ਬੀਜ ਖ਼ਰੀਦਣੇ ਪੈਣਗੇ।ਹਾਲਾਤ ਇੱਥੋਂ ਤੱਕ ਪਹੁੰਚ ਜਾਣਗੇ ਕਿ ਆਮ ਲੋਕ ਘਰ ਦੀ ਬਗੀਚੀ ਲਗਾਉਣ ਲਈ ਵੀ ਤਰਸਣਗੇ।

ਇਸ ਮੌਕੇ ਉਨ੍ਹਾਂ ਨਾਲ ਸੁਨਾਮ ਤਹਿਸੀਲ ਦੇ ਪ੍ਰਧਾਨ ਸ੍ਰੀ ਸਮਸ਼ੇਰ ਸਿੰਘ ਛਾਜਲੀ, ਸੀਨੀਅਰ ਮੀਤ ਪ੍ਰਧਾਨ ਅਜੈਬ ਸਿੰਘ ਉਗਰਾਂਹਾ, ਮੀਤ ਪ੍ਰਧਾਨ ਜੱਗਾ ਸਿੰਘ ਜਖੇਪਲ ਤੇ ਪ੍ਰੈੱਸ ਸਕੱਤਰ ਅਜੈਬ ਸਿੰਘ ਨੀਲੋਵਾਲ ਹਾਜ਼ਰ ਸਨ।

# ਬੇਕਾਬੂ ਟਰੱਕ ਝੁੱਗੀ 'ਤੇ ਪਲਟਿਆ, ਦੋ ਬੱਚਿਆਂ ਦੀ ਮੌਤ, ਪਿਤਾ ਜ਼ਖਮੀ

**ਜਗਰਾਉਂ (ਅਮਿਤ ਖੰਨਾ)** ਜਗਰਾਉਂ ਸ਼ਹਿਰ ਦੇ ਸਿੱਧਵਾ ਬੇਟ ਰੋਡ 'ਤੇ ਸਵੇਰੇ 3 ਵਜੇ ਦੇ ਕਰੀਬ ਇੱਕ ਤੇਜ਼ ਰਫ਼ਤਾਰ ਟਰੱਕ ਬੇਕਾਬੂ ਹੋ ਗਿਆ ਤੇ ਸੜਕ ਕਿਨਾਰੇ ਝੁੱਗੀ ਵਿੱਚ ਪਲਟ ਗਿਆ।ਇਸ ਹਾਦਸੇ ਵਿੱਚ ਦੋ ਮਾਸੂਮ ਬੱਚੇ, ਪੰਜ ਸਾਲਾ ਗੋਪਾਲ ਤੇ ਸੱਤ ਸਾਲਾ ਪਿੰਕੀ ਦੀ ਦੁੱਖਦਾਈ ਮੌਤ ਹੋ ਗਈ।ਦੋਵੇਂ ਭੈਣ-ਭਰਾ ਸਨ।ਸਿੱਧਵਾ ਬੇਟ ਤੋਂ ਜਗਰਾਉਂ ਜਾ ਰਹੇ ਇੱਕ ਬੱਜਰੀ ਨਾਲ ਭਰੇ ਟਰੱਕ ਨੇ ਆਪਣੇ ਇੱਕ ਟਾਇਰ ਤੋਂ ਕੰਟਰੋਲ ਗੁਆ ਦਿੱਤਾ, ਜਿਸ ਕਾਰਨ ਟਰੱਕ ਸੰਤੁਲਨ ਗੁਆ ਬੈਠਾ।ਜਿਵੇਂ ਹੀ ਟਰੱਕ ਸ਼ਹਿਰ ਦੀ ਟਰੱਕ ਯੂਨੀਅਨ ਦੇ ਨੇੜੇ ਪਹੁੰਚਿਆ, ਇਹ ਸੜਕ ਕਿਨਾਰੇ ਝੁੱਗੀ ਵਿੱਚ ਪਲਟ ਗਿਆ।ਹਾਦਸੇ ਸਮੇਂ ਪੂਰਾ ਪਰਵਾਰ ਝੁੱਗੀ ਵਿੱਚ ਸੌਂ ਰਿਹਾ ਸੀ।ਭੈਣ-ਭਰਾ ਕੁਚਲੇ ਗਏ, ਜਦੋਂ ਕਿ ਪਰਵਾਰ ਦੇ ਹੋਰ ਮੈਂਬਰਾਂ ਨੂੰ ਮਾਮੂਲੀ ਸੱਟਾਂ ਲੱਗੀਆਂ।ਬੱਚਿਆਂ ਦੇ ਪਿਤਾ ਜ਼ਖਮੀ ਹੋ ਗਏ, ਜਦੋਂ ਕਿ ਦੋ ਹੋਰ ਬੱਚੇ ਵਾਲ-ਵਾਲ ਬਚ ਗਏ।ਟਰੱਕ ਡਰਾਈਵਰ ਨੇ ਆਪਣੇ ਸਾਥੀ ਨਾਲ ਮਿਲ ਕੇ ਟਰੱਕ ਦੀ ਅਗਲੀ ਖਿੜਕੀ ਤੋੜ ਦਿੱਤੀ ਤੇ ਮੌਕੇ ਤੋਂ ਭੱਜ ਗਿਆ।ਲੋਕਾਂ ਦਾ ਕਹਿਣਾ ਹੈ ਕਿ ਜੇਕਰ ਡਰਾਈਵਰ ਨੇ ਮਨੁੱਖਤਾ ਦਿਖਾਈ ਹੁੰਦੀ ਤੇ ਪਰਵਾਰ ਨੂੰ ਬੱਜਰੀ ਹਟਾਉਣ ਵਿੱਚ ਮਦਦ ਕੀਤੀ ਹੁੰਦੀ, ਤਾਂ ਬੱਚਿਆਂ ਦੀ ਜਾਨ ਬਚਾਈ ਜਾ ਸਕਦੀ ਸੀ।ਬੱਚਿਆਂ ਦੇ ਪਿਤਾ ਤੇ ਹੋਰ ਪਰਿਵਾਰਕ ਮੈਂਬਰਾਂ ਨੇ ਬੜੀ ਮੁਸ਼ਕਲ ਨਾਲ ਬੱਜਰੀ ਹਟਾਈ ਤੇ ਉਨ੍ਹਾਂ ਨੂੰ ਬਾਹਰ ਕੱਢਿਆ, ਪਰ ਉਦੋਂ ਤੱਕ ਦੋਵੇਂ ਬੱਚੇ ਦਰਦ ਨਾਲ ਚੀਕਦੇ ਹੋਏ ਮਰ ਚੁੱਕੇ ਸਨ।ਮ੍ਰਿਤਕ ਦੇ ਦਾਦਾ ਜੀ ਗੋਪੀ ਰਾਮ ਨੇ ਕਿਹਾ ਕਿ ਉਹ ਮਲਕ ਪਿੰਡ ਦਾ ਰਹਿਣ ਵਾਲਾ ਹੈ ਤੇ ਸਿੱਧਵਾਂ ਬੇਟ ਰੋਡ 'ਤੇ ਸੜਕ ਕਿਨਾਰੇ ਇੱਕ ਝੌਪੜੀ ਵਿੱਚ ਟੈਂਡੀ ਬੀਅਰ ਵੇਚਦਾ ਹੈ।ਉਸ ਦਾ ਪੁੱਤਰ ਆਪਣੇ ਚਾਰ ਬੱਚਿਆਂ ਨਾਲ ਉਸੇ ਝੌਪੜੀ ਵਿੱਚ ਰਹਿੰਦਾ ਹੈ।ਬੁੱਧਵਾਰ ਸਵੇਰੇ ਲਗਭਗ 3:15 ਵਜੇ, ਪੂਰਾ ਪਰਵਾਰ ਸੁੱਤਾ ਪਿਆ ਸੀ, ਜਦੋਂ ਬੱਜਰੀ ਨਾਲ ਭਰਿਆ ਇੱਕ ਟਰੱਕ ਝੌਪੜੀ 'ਤੇ ਪਲਟ ਗਿਆ, ਜਿਸ ਨਾਲ ਉਸ ਦੇ ਪੋਤੇ-ਪੋਤੀਆਂ ਦੀ ਮੌਤ ਹੋ ਗਈ।ਘਟਨਾ ਦੀ ਜਾਣਕਾਰੀ ਮਿਲਦੇ ਹੀ ਪੁਲਸ ਮੌਕੇ 'ਤੇ ਪਹੁੰਚੀ ਤੇ ਜਾਂਚ ਸ਼ੁਰੂ ਕਰ ਦਿੱਤੀ।ਪੁਲਸ ਨੇ ਦੋਵਾਂ ਬੱਚਿਆਂ ਦੀਆਂ ਲਾਸ਼ਾਂ ਨੂੰ ਕਬਜ਼ੇ ਵਿੱਚ ਲੈ ਕੇ ਸਰਕਾਰੀ ਹਸਪਤਾਲ ਦੇ ਮੁਰਦਾਘਰ ਵਿੱਚ ਰੱਖ ਦਿੱਤਾ ਹੈ।ਮੌਕੇ ਤੋਂ ਭੱਜਣ ਵਾਲੇ ਟਰੱਕ ਡਰਾਈਵਰ ਤੇ ਉਸ ਦੇ ਸਾਥੀ ਦੀ ਭਾਲ ਕੀਤੀ ਜਾ ਰਹੀ ਹੈ।ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਸੰਘਣੀ ਧੁੰਦ ਕਾਰਨ ਡਰਾਈਵਰ ਸੜਕ ਤੋਂ ਦੂਰ ਹੋ ਗਿਆ ਹੋ ਸਕਦਾ ਹੈ।ਹਾਲਾਂਕਿ, ਹਾਦਸੇ ਤੋਂ ਬਾਅਦ ਉਸ ਦਾ ਭੱਜਣਾ ਉਸ ਦੀ ਲਾਪ੍ਰਵਾਹੀ ਤੇ ਬੇਰਹਿਮੀ ਨੂੰ ਸਪੱਸ਼ਟ ਤੌਰ 'ਤੇ ਉਜਾਗਰ ਕਰਦਾ ਹੈ।ਇਸ ਹਾਦਸੇ ਨੇ ਨਾ ਸਿਰਫ਼ ਦੋ ਮਾਸੂਮ ਬੱਚਿਆਂ ਦੀ ਜਾਨ ਲਈ, ਸਗੋਂ ਉਨ੍ਹਾਂ ਦੀ ਆਪਣੀ ਜਾਨ ਵੀ ਲੈ ਲਈ।ਇਸ ਨੇ ਨਾ ਸਿਰਫ਼ ਜਾਨਾਂ ਨਿਗਲ ਲਈਆਂ ਹਨ, ਸਗੋਂ ਤੇਜ਼ ਰਫ਼ਤਾਰ, ਲਾਪ੍ਰਵਾਹ ਟਰੱਕ ਡਰਾਈਵਰਾਂ ਤੇ ਗਰੀਬ ਪਰਵਾਰਾਂ ਦੀ ਸੁਰੱਖਿਆ ਸਬੰਧੀ ਸਿਸਟਮ 'ਤੇ ਵੀ ਗੰਭੀਰ ਸਵਾਲ ਖੜ੍ਹੇ ਕੀਤੇ ਹਨ।ਸਟੇਸ਼ਨ ਇੰਚਾਰਜ ਸੁਰਜੀਤ ਸਿੰਘ ਦਾ ਕਹਿਣਾ ਹੈ ਕਿ ਕੱਚੀ ਸੜ੍ਹਾ ਕਾਰਨ ਟਾਇਰ ਅਚਾਨਕ ਫਟ ਗਿਆ, ਜਿਸ ਕਾਰਨ ਗੱਡੀ ਆਪਣਾ ਸੰਤੁਲਨ ਗੁਆ ਬੈਠੀ ਤੇ ਪਲਟ ਗਈ।ਇਸ ਹਾਦਸੇ ਵਿੱਚ ਦੋ ਬੱਚਿਆਂ, ਇੱਕ ਭਰਾ ਤੇ ਇੱਕ ਭੈਣ ਦੀ ਮੌਤ ਹੋ ਗਈ।

## ਕਾਤਰਾਂ

### ਕਵਿਤਾ ਸਕੂਲ 4 ਤੋਂ

**ਧੂਰੀ (ਮਨੋਹਰ ਸਿੰਘ ਸੱਗੂ)**-ਪੰਜਾਬੀ ਸਾਹਿਤ ਸਭਾ ਧੂਰੀ ਵੱਲੋਂ ਕਵਿਤਾ ਸਕੂਲ (ਰਜਿ:) ਸ਼ੇਰਪੁਰ ਦੇ ਸਹਿਯੋਗ ਨਾਲ਼ ਨਵੇਂ ਸਾਲ ਤੋਂ ਸਭਾ ਦੀ ਪਿੰਗਲ-ਅਰੂਜ਼ ਪਾਠਸ਼ਾਲਾ ਸ਼ੁਰੂ ਕੀਤੀ ਜਾ ਰਹੀ ਹੈ। ਇਸ ਵਿੱਚ ਪਹਿਲਾ ਸਿਖਲਾਈ ਪਾਠ 4 ਜਨਵਰੀ ਨੂੰ ਸਭਾ ਦੇ ਦਫ਼ਤਰ ਡਾ. ਰਾਮ ਸਿੰਘ ਸਿੱਧੂ ਯਾਦਗਾਰੀ ਭਵਨ, ਦਸਮੇਸ਼ ਨਗਰ ਧੂਰੀ ਵਿਖੇ ਸਵੇਰੇ 10 ਵਜੇ ਤੋਂ ਸ਼ੁਰੂ ਕੀਤਾ ਜਾਵੇਗਾ।ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਮੂਲ ਚੰਦ ਸ਼ਰਮਾ ਨੇ ਦੱਸਿਆ ਕਿ ਇਸ ਲੜੀਵਾਰ ਛੰਦ-ਸ਼ਾਸਤਰ ਦੇ ਅਧਿਆਪਕ ਜੰਗ ਸਿੰਘ ਫ਼ਟੜ ਹੋਣਗੇ।ਪ੍ਰਧਾਨ ਮੂਲ ਚੰਦ ਸ਼ਰਮਾ, ਜਨਰਲ ਸਕੱਤਰ ਚਰਨਜੀਤ ਮੀਮਸਾ ਤੇ ਵਿੱਤ ਸਕੱਤਰ ਗੁਰਮੀਤ ਸਿੰਘ ਸੋਹੀ ਵੱਲੋਂ ਆਪਣੇ ਮੈਂਬਰਾਂ ਤੋਂ ਇਲਾਵਾ ਹੋਰ ਚਾਹਵਾਨ ਕਵੀਆਂ, ਗੀਤਕਾਰਾਂ, ਗ਼ਜ਼ਲਗੋਆਂ ਤੇ ਪਾਠਕਾਂ ਨੂੰ ਵੀ ਸ਼ਾਮਲ ਹੋਣ ਦਾ ਖੁੱਲ੍ਹਾ ਸੱਦਾ ਦਿੱਤਾ ਗਿਆ ਹੈ।

### ਗੁਰਦੁਆਰਾ ਸੰਤ ਆਸ਼ਰਮ ਨਰੈਣਸਰ ਮੁਹਾਲੀ 'ਚ ਗੁਰਮਤਿ ਸਮਾਗਮ 7 ਨੂੰ

**ਸੰਗਾਲਾ/ਧੂਰੀ (ਰਣਜੀਤ ਸਿੰਘ ਪੇਧਨੀ)**-ਮਹਾਨ ਤਪੱਸਵੀ, ਬ੍ਰਹਮ ਗਿਆਨੀ, ਰਾਜਾਯੋਗੀ ਸੱਚਖੰਡ ਵਾਸੀ ਸ਼੍ਰੀਮਾਨ ਸੰਤ ਬਾਬਾ ਨਰੈਣ ਸਿੰਘ ਜੀ ਮੋਨੀ ਤਪਾ ਦਰਾਜ ਮੁਹਾਲੀ ਵਾਲਿਆਂ ਦੀ ਨਿੱਘੀ ਤੇ ਮਿੱਠੀ ਯਾਦ ਨੂੰ ਸਮਰਪਤ ਮਹਾਨ ਗੁਰਮਤਿ ਸਮਾਗਮ 7 ਜਨਵਰੀ ਨੂੰ ਗੁਰਦੁਆਰਾ ਸੰਤ ਆਸ਼ਰਮ ਨਰੈਣਸਰ ਮੁਹਾਲੀ ਵਿਖੇ ਸੰਤ ਬਾਬਾ ਰਣਜੀਤ ਸਿੰਘ ਜੀ ਤਪਾ ਦਰਾਜ ਮੁਹਾਲੀ ਵਾਲਿਆਂ ਦੀ ਸਰਪ੍ਰਸਤੀ ਹੇਠ ਕਰਾਇਆ ਜਾ ਰਿਹਾ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਗੁਰਦੁਆਰਾ ਸੰਤ ਆਸ਼ਰਮ ਨਰੈਣਸਰ ਮੁਹਾਲੀ ਦੇ ਮੁੱਖ ਪ੍ਰਬੰਧਕ ਭਾਈ ਨਿਰਭੈ ਸਿੰਘ ਖਾਲਸਾ ਨੇ ਕੀਤਾ।ਉਨ੍ਹਾਂ ਕਿਹਾ ਕਿ 1 ਜਨਵਰੀ ਸ੍ਰੀ ਅਖੰਡ ਪਾਠ ਸਾਹਿਬ ਪ੍ਰਕਾਸ਼ ਹੋਣਗੇ, ਜਿਨ੍ਹਾਂ ਦੇ 3 ਜਨਵਰੀ ਨੂੰ ਭੋਗ ਪੈਣਗੇ।3 ਜਨਵਰੀ ਨੂੰ ਦੁਬਾਰਾ ਸ੍ਰੀ ਅਖੰਡ ਪਾਠ ਸਾਹਿਬ ਪ੍ਰਕਾਸ਼ ਹੋਣਗੇ, ਜਿਨ੍ਹਾਂ ਦੇ 5 ਜਨਵਰੀ ਨੂੰ ਭੋਗ ਪੈਣਗੇ ਤੇ 5 ਜਨਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਪ੍ਰਕਾਸ਼ ਹੋਣਗੇ, ਜਿਨ੍ਹਾਂ ਦੇ 7 ਜਨਵਰੀ ਨੂੰ ਭੋਗ ਪੈਣਗੇ ਤੇ ਭੋਗ ਉਪਰੰਤ ਮਹਾਨ ਤਪੱਸਵੀ, ਬ੍ਰਹਮ ਗਿਆਨੀ, ਰਾਜਾਯੋਗੀ ਸੱਚਖੰਡ ਵਾਸੀ ਸ਼੍ਰੀਮਾਨ ਸੰਤ ਬਾਬਾ ਨਰੈਣ ਸਿੰਘ ਜੀ ਮੋਨੀ ਤਪਾ ਦਰਾਜ ਮੁਹਾਲੀ ਵਾਲਿਆਂ ਦੀ ਨਿੱਘੀ ਤੇ ਮਿੱਠੀ ਯਾਦ ਨੂੰ ਸਮਰਪਤ ਮਹਾਨ ਗੁਰਮਤਿ ਸਮਾਗਮ 7 ਜਨਵਰੀ ਨੂੰ ਗੁਰਦੁਆਰਾ ਸੰਤ ਆਸ਼ਰਮ ਨਰੈਣਸਰ ਵਿਖੇ ਹੋਵੇਗਾ, ਜਿਸ ਵਿੱਚ ਪੰਥ ਦੇ ਮਹਾਨ ਰਾਗੀ ਢਾਡੀ ਸੰਤ ਮਹਾਪੁਰਸ਼ ਸੰਗਤਾਂ ਨੂੰ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੋੜਨਾ ਕਰਨਗੇ।

### ਅੱਖਾਂ ਤੇ ਹੱਡੀਆਂ ਦਾ ਮੁਫ਼ਤ ਜਾਂਚ ਕੈਂਪ 4 ਨੂੰ

**ਧੂਰੀ (ਮਨੋਹਰ ਸਿੰਘ ਸੱਗੂ)**-ਸੰਸਥਾ ਨੂਰ-ਏ-ਪੰਜਾਬ ਵੱਲੋਂ ਅੱਖਾਂ ਤੇ ਹੱਡੀਆਂ ਦਾ ਮੁਫ਼ਤ ਜਾਂਚ ਕੈਂਪ 4 ਜਨਵਰੀ ਨੂੰ ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ 2 ਵਜੇ ਤੱਕ ਸ਼ਰਮਾ ਅੱਖਾਂ ਦਾ ਹਸਪਤਾਲ ਧੂਰੀ ਵਿਖੇ ਲਗਾਇਆ ਜਾਵੇਗਾ।ਕੈਂਪ ਦੌਰਾਨ ਡਾ: ਰਮੇਸ਼ ਸ਼ਰਮਾ ਦੀ ਅਗਵਾਈ ਹੇਠ ਅੱਖਾਂ ਦੇ ਮਾਹਰ ਡਾ: ਸਾਈਦੀਪ ਢੰਡ ਤੇ ਡਾ: ਕਮਲਦੀਪ ਤੇ ਹੱਡੀਆਂ ਦੇ ਮਾਹਰ ਡਾ: ਤੁਸ਼ਾਰ ਸਿੰਗਲਾ ਮਰੀਜ਼ਾਂ ਦੀ ਜਾਂਚ ਕਰਨਗੇ।

# ਵਿਦੇਸ਼

1-JAN-PAGE-6.qxd 1/1/2026 10:22 PM Page 1



## ਦਿਲ ਦੇ ਮਰੀਜ਼ਾਂ ਨੂੰ ਠੰਢ 'ਚ ਵਿਸ਼ੇਸ਼ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ : ਡਾ. ਸੀਮਾਂਤ ਗਰਗ

**ਮੋਗਾ (ਇਕਬਾਲ ਸਿੰਘ ਖਹਿਰਾ)**-ਸਰਦੀਆਂ ਵਿੱਚ ਤਾਪਮਾਨ ਵਿੱਚ ਲਗਾਤਾਰ ਗਿਰਾਵਟ ਆ ਰਹੀ ਹੈ ਅਤੇ ਧੁੰਦ ਕਾਰਨ ਦਿਲ ਦੇ ਮਰੀਜ਼ਾਂ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਇਸ ਲਈ ਸਰਦੀਆਂ ਦੇ ਮੌਸਮ ਦੌਰਾਨ ਬਜ਼ੁਰਗਾਂ ਅਤੇ ਬੱਚਿਆਂ ਨੂੰ ਆਪਣੀ ਸਿਹਤ ਪ੍ਰਤੀ ਵਧੇਰੇ ਸੁਚੇਤ ਰਹਿਣਾ ਚਾਹੀਦਾ ਹੈ ਅਤੇ ਠੰਢ ਪ੍ਰਤੀ ਵਿਸ਼ੇਸ਼ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ।ਸ਼ਾਮ ਨਰਸਿੰਗ ਹੋਮ, ਰੇਲਵੇ ਰੋਡ ਦੇ ਐਮ ਡੀ ਡਾ. ਸੀਮਾਂਤ ਗਰਗ ਨੇ ਦਿਲ ਦੇ ਮਰੀਜ਼ਾਂ ਨੂੰ ਠੰਢ ਤੋਂ ਬਚਾਉਣ ਲਈ ਵਿਸ਼ੇਸ਼ ਸਾਵਧਾਨੀਆਂ ਦਿੰਦੇ ਹੋਏ ਇਹ ਵਿਚਾਰ ਪ੍ਰਗਟ ਕੀਤੇ।ਉਨ੍ਹਾਂ ਕਿਹਾ ਕਿ ਬਹੁਤ ਜ਼ਿਆਦਾ ਠੰਢ ਪੁਰਾਣੀਆਂ ਬਿਮਾਰੀਆਂ ਤੋਂ ਪੀੜਤ ਮਰੀਜ਼ਾਂ ਲਈ ਮੁਸ਼ਕਲਾਂ ਵਧਾਉਂਦੀ ਹੈ ਅਤੇ ਤਾਪਮਾਨ ਵਿੱਚ ਗਿਰਾਵਟ ਖ਼ੂਨ ਨੂੰ ਗਾੜ੍ਹਾ ਵੀ ਕਰ ਦਿੰਦੀ ਹੈ, ਜਿਸ ਨਾਲ ਖ਼ੂਨ ਦੇ ਥੱਕੇ ਬਣਨ ਦਾ ਖ਼ਤਰਾ ਵੀ ਵਧ ਜਾਂਦਾ ਹੈ। ਇਹ ਖ਼ੂਨ ਦੇ ਥੱਕੇ ਦਿਲ ਦੀਆਂ ਧਮਨੀਆਂ ਨੂੰ ਰੋਕ ਸਕਦੇ ਹਨ।ਇਸ ਕਾਰਨ ਹਾਈ ਬਲੱਡ ਪ੍ਰੈਸ਼ਰ ਅਤੇ ਥੱਕੇ ਵਰਗੀਆਂ ਪਹਿਲਾਂ ਤੋਂ ਮੌਜੂਦ ਸਥਿਤੀਆਂ ਵਿੱਚ ਦਿਲ ਦੇ ਦੌਰੇ ਦੀਆਂ ਘਟਨਾਵਾਂ ਵਧ ਜਾਂਦੀਆਂ ਹਨ।ਉਨ੍ਹਾਂ ਕਿਹਾ ਕਿ ਦਿਲ ਦੇ ਮਰੀਜ਼ਾਂ ਨੂੰ ਨਿਯਮਿਤ ਤੌਰ 'ਤੇ ਆਪਣੀ ਜਾਂਚ ਕਰਵਾਉਣੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਬਜ਼ੁਰਗਾਂ ਅਤੇ ਬੱਚਿਆਂ ਨੂੰ ਠੰਢ ਅਤੇ ਧੁੰਦ ਵਿੱਚ ਬਾਹਰ ਜਾਣ ਤੋਂ ਬਚਣਾ ਚਾਹੀਦਾ ਹੈ। ਜੇਕਰ ਉਨ੍ਹਾਂ ਨੂੰ ਬਾਹਰ ਜਾਣਾ ਹੀ ਪੈਂਦਾ ਹੈ, ਤਾਂ ਉਨ੍ਹਾਂ ਨੂੰ ਗਰਮ ਕੱਪੜੇ ਪਾਉਣੇ ਚਾਹੀਦੇ ਹਨ ਅਤੇ ਆਪਣਾ ਸਿਰ ਅਤੇ ਚਿਹਰਾ ਚੰਗੀ ਤਰ੍ਹਾਂ ਢਕਣਾ ਚਾਹੀਦਾ ਹੈ। ਫਾਸਟ ਫੂਡ ਤੋਂ ਪਰਹੇਜ਼ ਕਰੋ ਅਤੇ ਹਲਕੀ ਕਸਰਤ ਕਰੋ।ਉਨ੍ਹਾਂ ਕਿਹਾ ਕਿ ਹਮੇਸ਼ਾ ਸਾਦਾ ਭੋਜਨ ਖਾਣਾ ਚਾਹੀਦਾ ਹੈ ਅਤੇ ਆਪਣੀ ਖੁਰਾਕ ਵਿੱਚ ਫਲ, ਸਲਾਦ ਅਤੇ ਸਬਜ਼ੀਆਂ ਸ਼ਾਮਲ ਕਰਨੀਆਂ ਚਾਹੀਦੀਆਂ ਹਨ। ਉਨ੍ਹਾਂ ਖਾਸ ਤੌਰ 'ਤੇ ਦਿਲ ਦੇ ਮਰੀਜ਼ਾਂ ਨੂੰ ਸਰਦੀਆਂ ਦੇ ਮੌਸਮ ਵਿੱਚ ਸਿਗਰਟਨੋਸ਼ੀ ਜਾਂ ਸ਼ਰਾਬ ਨਾ ਪੀਣ ਦੀ ਚੇਤਾਵਨੀ ਦਿੱਤੀ। ਉਨ੍ਹਾਂ ਕਿਹਾ ਕਿ ਸਰਦੀਆਂ ਵਿੱਚ, ਗਰਮੀਆਂ ਦੇ ਮੁਕਾਬਲੇ ਸਰੀਰ ਦੀ ਗਤੀਵਿਧੀ ਘਟ ਜਾਂਦੀ ਹੈ। ਇਸ ਕਾਰਨ, ਭਾਰੀ ਭੋਜਨ ਅਤੇ ਫਾਸਟ ਫੂਡ ਦੀਆਂ ਚੀਜ਼ਾਂ ਕੋਲੈਸਟ੍ਰੋਲ ਅਤੇ ਬਲੱਡ ਪ੍ਰੈਸ਼ਰ ਦੋਵਾਂ ਨੂੰ ਸੱਦਾ ਦਿੰਦੀਆਂ ਹਨ।

## ਸਰਪੰਚ ਘਰਾਚੋ ਦੇ ਯੂਥ ਵਿੰਗ ਦਾ ਪ੍ਰਧਾਨ ਬਣਨ ਨਾਲ ਨੌਜਵਾਨਾਂ 'ਚ ਭਾਰੀ ਉਤਸ਼ਾਹ : 'ਆਪ' ਆਗੂ

**ਧੂਰੀ (ਰਣਜੀਤ ਸਿੰਘ ਪੇਧਨੀ)**-ਆਮ ਆਦਮੀ ਪਾਰਟੀ ਦੇ ਸੁਪਰੀਮੋ ਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ ਅਤੇ ਪੰਜਾਬ ਪ੍ਰਧਾਨ ਅਮਨ ਅਰੋੜਾ ਸਮੇਤ ਪਾਰਟੀ ਹਾਈ ਕਮਾਂਡ ਨੇ ਪਿੰਡ ਘਰਾਚੋ ਦੇ ਸਰਪੰਚ ਦਲਜੀਤ ਸਿੰਘ ਘੁਮਾਣ ਨੂੰ ਯੂਥ ਵਿੰਗ ਜ਼ਿਲ੍ਹਾ ਸੰਗਰੂਰ ਦਾ ਪ੍ਰਧਾਨ ਨਿਯੁਕਤ ਕੀਤਾ ਹੈ।ਸਰਪੰਚ ਦਲਜੀਤ ਸਿੰਘ ਘਰਾਚੋ ਨੂੰ ਯੂਥ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਬਣਨ 'ਤੇ ਮੁਬਾਰਕਬਾਦ ਦਿੰਦਿਆਂ ਆਪ ਦੇ ਸੀਨੀਅਰ ਆਗੂ ਅਮਰੀਕ ਸਿੰਘ ਸੋਹੀ ਚੇਅਰਮੈਨ ਵੇਰਕਾ ਮਿਲਕ ਪਲਾਂਟ ਸੰਗਰੂਰ, ਸਰਪੰਚ ਅੰਮ੍ਰਿਤ ਚਹਿਲ ਘਨੌਰੀ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਆਪ ਆਗੂ ਰਮਨਦੀਪ ਸਿੰਘ ਜਵੰਧਾ, ਸਰਪੰਚ ਲਾਲੀ ਬੰਗਾਵਾਲੀ, ਆਪ ਆਗੂ ਖਾਨ ਕਹੇਰੂ ਤੇ ਆਪ ਆਗੂ ਅਵਤਾਰ ਸਿੰਘ ਭਸੌੜ ਨੇ ਕਿਹਾ ਕਿ ਸਰਪੰਚ ਦਲਜੀਤ ਸਿੰਘ ਘਰਾਚੋ ਦੇ ਜ਼ਿਲ੍ਹਾ ਪ੍ਰਧਾਨ ਬਣਨ ਨਾਲ ਨੌਜਵਾਨਾਂ ਵਿੱਚ ਨਵਾਂ ਜੋਸ਼ ਪੈਦਾ ਹੋਇਆ ਹੈ।ਆਪ ਆਗੂਆਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਜੋ ਕਿਹਾ, ਉਹ ਕਰਕੇ ਦਿਖਾ ਰਹੀ ਹੈ।ਆਪ ਨੇ ਆਮ ਘਰਾਂ ਦੇ ਮੁੰਡਿਆਂ ਨੂੰ ਉੱਚਿਆਂ ਅਹੁਦਿਆਂ ਬਿਠਾ ਕੇ ਇਕ ਮਿਸਾਲ ਪੈਦਾ ਕੀਤੀ ਹੈ।

## ਸ਼ਹੀਦ ਊਧਮ ਸਿੰਘ ਦੀ ਵਿਰਾਸਤ ਲਈ ਹਰ ਕਦਮ ਸਵਾਗਤਯੋਗ : ਦਾਮਨ ਬਾਜਵਾ

**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਭਾਜਪਾ ਦੀ ਜ਼ਿਲ੍ਹਾ ਪ੍ਰਧਾਨ ਦਾਮਨ ਬਾਜਵਾ ਨੇ ਕਿਹਾ ਕਿ ਸ਼ਹੀਦ ਊਧਮ ਸਿੰਘ ਜੀ ਦੀ ਮਹਾਨ ਵਿਰਾਸਤ ਨੂੰ ਜ਼ਿੰਦਾ ਰੱਖਣ ਲਈ ਚੁੱਕਿਆ ਗਿਆ ਹਰ ਕਦਮ ਸਵਾਗਤਯੋਗ ਹੈ, ਭਾਵੇਂ ਉਹ ਕਿਸੇ ਵੱਲੋਂ ਵੀ ਚੁੱਕਿਆ ਗਿਆ ਹੋਵੇ।ਉਨ੍ਹਾਂ ਕਿਹਾ ਕਿ ਇਸ ਸੰਦਰਭ ਵਿੱਚ ਕੈਬਿਨਟ ਮੰਤਰੀ ਅਮਨ ਅਰੋੜਾ ਵੱਲੋਂ ਲਏ ਗਏ ਇਸ ਕਦਮ ਦਾ ਸਵਾਗਤ ਕਰਦੀ ਹਾਂ।ਦਾਮਨ ਬਾਜਵਾ ਨੇ ਕਿਹਾ ਕਿ ਮੇਰੇ ਲਈ ਸ਼ਹੀਦ ਊਧਮ ਸਿੰਘ ਜੀ ਦੀ ਵਿਰਾਸਤ ਰਾਜਨੀਤੀ ਤੋਂ ਕਿਤੇ ਉੱਪਰ ਹੈ, ਇਸ ਲਈ ਮੈਂ ਹੱਥ ਜੋੜ ਕੇ ਹਰ ਉਸ ਕੋਸ਼ਿਸ਼ ਦਾ ਸਵਾਗਤ ਕਰਦੀ ਹਾਂ ਜੋ ਉਨ੍ਹਾਂ ਦੀ ਯਾਦ ਨੂੰ ਜ਼ਿੰਦਾ ਰੱਖਣ ਵੱਲ ਕੀਤੀ ਜਾਂਦੀ ਹੈ। ਦਾਮਨ ਬਾਜਵਾ ਨੇ ਦੱਸਿਆ ਕਿ ਜਦੋਂ ਉਨ੍ਹਾਂ ਨੇ ਸੁਨਾਮ ਊਧਮ ਸਿੰਘ ਵਾਲਾ ਤੋਂ ਆਪਣਾ ਰਾਜਨੀਤਕ ਸਫ਼ਰ ਸ਼ੁਰੂ ਕੀਤਾ ਸੀ, ਉਦੋਂ ਤੋਂ ਹੀ ਉਨ੍ਹਾਂ ਦਾ ਸੁਪਨਾ ਸੀ ਕਿ ਸ਼ਹੀਦ ਊਧਮ ਸਿੰਘ ਜੀ ਦੀ ਵਿਰਾਸਤ ਨੂੰ ਮੌਜੂਦਾ ਤੇ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾਇਆ ਜਾਵੇ, ਤਾਂ ਜੋ ਨੌਜਵਾਨ ਉਨ੍ਹਾਂ ਦੇ ਜੀਵਨ ਤੋਂ ਪ੍ਰੇਰਣਾ ਲੈ ਸਕਣ।ਇਸ ਮਕਸਦ ਲਈ ਉਨ੍ਹਾਂ ਨੇ ਸਾਲ 2016 ਵਿੱਚ ਵਿਰੋਧੀ ਧਿਰ ਵਿੱਚ ਰਹਿੰਦੇ ਹੋਏ ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਪੰਜਾਬ ਪੱਧਰੀ ਯੁਵਾ ਸੰਮੇਲਨ ਕਰਵਾਇਆ ਸੀ।ਅੰਤ ਵਿੱਚ ਉਨ੍ਹਾਂ ਇੱਕ ਵਾਰ ਫਿਰ ਸ਼ਹੀਦ ਊਧਮ ਸਿੰਘ ਜੀ ਦੀ ਵਿਰਾਸਤ ਲਈ ਕੰਮ ਕਰ ਰਹੇ ਲੋਕਾਂ ਤੇ ਸੰਸਥਾਵਾਂ ਨੂੰ ਵਧਾਈ ਦਿੱਤੀ ਅਤੇ ਪੰਜਾਬ ਸਰਕਾਰ ਦਾ ਵੀ ਧੰਨਵਾਦ ਕੀਤਾ।

## ਸਰਕਾਰ ਉਦਯੋਗਾਂ ਦੀ ਰੱਖਿਆ ਲਈ ਪਾਵਰਕਾਮ ਦੇ ਨਿਯਮਾਂ 'ਚ ਸੋਧ ਕਰੇ : ਅੰਮ੍ਰਿਤ ਗਰਗ

**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਸੰਗਰੂਰ ਚੈਂਬਰ ਆਫ਼ ਕਾਮਰਸ ਧੂਰੀ ਦੇ ਪ੍ਰਧਾਨ ਦਰਸ਼ਨ ਸਿੰਘ ਧਨੋਂ ਦੀ ਅਗਵਾਈ ਹੇਠ ਪਾਵਰਕਾਮ ਦੇ ਅਧਿਕਾਰੀਆਂ ਨਾਲ ਇਕ ਅਹਿਮ ਮੀਟਿੰਗ ਕਰਕੇ ਉਦਯੋਗਾਂ ਨੂੰ ਦਰਪੇਸ਼ ਗੰਭੀਰ ਮੁਸ਼ਕਲਾਂ 'ਤੇ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ।ਇਸ ਮੀਟਿੰਗ ਵਿੱਚ ਪਾਵਰਕਾਮ ਦੇ ਵਧੀਕ ਨਿਗਰਾਨ ਇੰਜੀਨੀਅਰ ਮਨੋਜ ਗਰਗ, ਐੱਸ.ਡੀ.ਓ ਸ਼ਹਿਰੀ ਗੁਰਦੀਪਇੰਦਰ ਸਿੰਘ, ਐੱਸ.ਡੀ.ਓ ਭਲਵਾਨ ਰੋਹਨ ਥਾਪਰ ਤੇ ਐੱਸ.ਡੀ.ਓ. ਦਿਹਾਤੀ ਪਰਵੀਨ ਸਿੰਗਲਾ ਵੱਲੋਂ ਸ਼ਮੂਲੀਅਤ ਕੀਤੀ ਗਈ।ਵਫ਼ਦ ਵੱਲੋਂ ਅਧਿਕਾਰੀਆਂ ਨੂੰ ਜਾਣੂ ਕਰਵਾਇਆ ਗਿਆ ਕਿ ਜਿੱਥੇ-ਜਿੱਥੇ ਨਵੇਂ ਫੀਡਰ ਲਗਾਏ ਜਾ ਰਹੇ ਹਨ, ਉਥੇ ਕੰਮ ਦੀ ਰਫ਼ਤਾਰ ਨੂੰ ਤੇਜ਼ ਕੀਤਾ ਜਾਵੇ ਤਾਂ ਜੋ ਉਦਯੋਗਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਯਕੀਨੀ ਬਣ ਸਕੇ।ਉਦਯੋਗਪਤੀਆਂ ਨੇ ਗੰਭੀਰ ਚਿੰਤਾ ਜਤਾਈ ਕਿ ਪਾਵਰਕਾਮ ਵੱਲੋਂ ਕੀਤੀ ਗਈ ਨਵੀਂ ਸਾਫਟਵੇਅਰ ਅਪਡੇਟ ਕਾਰਨ ਕਈ ਉਦਯੋਗਾਂ ਦੇ ਬਿਜਲੀ ਬਿਲ ਦੋ ਤੋਂ ਤਿੰਨ ਮਹੀਨਿਆਂ ਤੱਕ ਜਾਰੀ ਨਹੀਂ ਹੋਏ।ਹੁਣ ਜਦੋਂ ਬਿਲ ਜਾਰੀ ਕੀਤੇ ਜਾ ਰਹੇ ਹਨ, ਤਾਂ ਉਹ ਜੁਰਮਾਨਿਆਂ ਸਮੇਤ ਆ ਰਹੇ ਹਨ, ਜੋ ਕਿ ਉਦਯੋਗਾਂ ਲਈ ਵੱਡਾ ਆਰਥਿਕ ਝਟਕਾ ਹੈ।ਵਫ਼ਦ ਨੇ ਦੱਸਿਆ ਕਿ ਕਈ ਉਦਯੋਗਪਤੀਆਂ ਨੇ ਆਪਣੀ ਲੋੜ ਅਨੁਸਾਰ ਐੱਲ. ਐੱਸ. ਤੋਂ ਐੱਮ. ਐੱਸ. ਕਨੈਕਸ਼ਨ ਵਿੱਚ ਤਬਦੀਲੀ ਕਰਵਾਈ ਹੈ, ਪਰ ਕਨੈਕਸ਼ਨ ਘਟਾਉਣ ਦੇ ਬਾਵਜੂਦ ਪੀ.ਐੱਸ.ਪੀ.ਸੀ.ਐੱਲ. ਵੱਲੋਂ ਬੇਵਜ੍ਹਾ ਟ੍ਰਾਂਸਫਾਰਮਰ ਤੇ ਹੋਰ ਖਰਚੇ ਲਗਾਏ ਗਏ ਹਨ, ਜਦਕਿ ਨਵੇਂ ਐੱਮ.ਐੱਸ. ਕਨੈਕਸ਼ਨ 'ਤੇ ਇਹ ਖਰਚੇ ਖਪਤਕਾਰ 'ਤੇ ਲਾਗੂ ਨਹੀਂ ਹੁੰਦੇ। ਇਨ੍ਹਾਂ ਖਰਚਿਆਂ ਨੂੰ ਤੁਰੰਤ ਰਿਫੰਡ ਕਰਨ ਦੀ ਮੰਗ ਕੀਤੀ ਗਈ।ਇਸ ਤੋਂ ਇਲਾਵਾ ਜਿੱਥੇ ਬਿਜਲੀ ਲਾਈਨਾਂ ਦੇ ਨਾਲ ਦਰੱਖ਼ਤ ਹਨ, ਉਥੇ ਅਕਸਰ ਟ੍ਰਿਪਿੰਗ ਦੀ ਸਮੱਸਿਆ ਰਹਿੰਦੀ ਹੈ।ਵਫ਼ਦ ਨੇ ਮੰਗ ਕੀਤੀ ਕਿ ਅਜਿਹੀਆਂ ਥਾਵਾਂ 'ਤੇ ਓਵਰਹੈੱਡ ਲਾਈਨਾਂ ਦੀ ਥਾਂ ਅੰਡਰਗ੍ਰਾਊਂਡ ਕੇਬਲਾਂ ਪਾਈਆਂ ਜਾਣ ਆਦਿ।ਵਫ਼ਦ ਨੇ ਪੰਜਾਬ ਸਰਕਾਰ ਤੇ ਪਾਵਰਕਾਮ ਨੂੰ ਅਪੀਲ ਕੀਤੀ ਕਿ ਕੋਰੋਨਾ ਕਾਲ ਦੇ ਫਿਕਸ ਚਾਰਜਿਜ਼ ਨੂੰ ਸਦਾ ਲਈ ਖਤਮ ਕੀਤਾ ਜਾਵੇ ਤਾਂ ਜੋ ਉਦਯੋਗ ਬਚ ਸਕਣ।ਇਸ ਮੌਕੇ ਰਾਜ ਕੁਮਾਰ ਜਿੰਦਲ, ਵਿਨੋਦ ਕੁਮਾਰ ਗੋਲੀ ਵਾਲੇ, ਮੁਨੀਸ਼ ਬਾਂਸਲ, ਮੋਨੀ ਗੋਬਿੰਦ ਸਿੰਘ, ਸਤੀਸ਼ ਗੋਇਲ, ਹਰਭਜਨ ਸਿੰਘ ਸਮੇਤ ਕਈ ਪ੍ਰਮੁੱਖ ਉਦਯੋਗਪਤੀ ਹਾਜ਼ਰ ਸਨ।

## ਪੰਜਾਬ ਮਹਿਲਾ ਕਾਂਗਰਸ ਵੱਲੋਂ ਡੀ ਸੀ ਦਫਤਰਾਂ ਦਾ ਘਿਰਾਓ

■ ਔਰਤਾਂ ਨੂੰ ਤੁਰੰਤ ਹਜ਼ਾਰ ਰੁਪਈਆ ਦੇਵੇ ਪੰਜਾਬ ਸਰਕਾਰ : ਰੰਧਾਵਾ

**ਪਟਿਆਲਾ (ਰਾਜਿੰਦਰ ਸਿੰਘ ਬਿੰਦ)**-ਜਿੱਥੇ ਪਟਿਆਲਾ ਵਿਖੇ ਬੀਤੇ ਦਿਨੀਂ ਜ਼ਿਲ੍ਹਾ ਕਾਂਗਰਸ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ ਤੇ ਨਰੇਸ਼ ਦੁੱਗਲ ਦੀ ਅਗਵਾਈ ਹੇਠ ਨਵੇਂ ਮਨਰੇਗਾ ਕਾਨੂੰਨਾਂ ਦੇ ਵਿਰੋਧ ਵਿੱਚ ਵੱਡਾ ਧਰਨਾ ਦਿੱਤਾ ਗਿਆ, ਉੱਥੇ ਹੀ ਬੀਤੇ ਕੱਲ੍ਹ ਮਨਰੇਗਾ ਕਨੂੰਨਾਂ ਖਿਲਾਫ ਰੰਧਾਵਾ ਦੀ ਅਗਵਾਈ ਹੇਠ ਸਾਂਸਦ ਡਾ: ਅਮਰ ਸਿੰਘ ਤੇ ਡਾ: ਧਰਮਵੀਰ ਗਾਂਧੀ ਵੱਲੋਂ ਪ੍ਰੈਸ ਕਾਨਫਰੰਸ ਕੀਤੀ ਗਈ।

ਮਨਰੇਗਾ ਕਾਨੂੰਨਾਂ ਦੇ ਵਿਰੋਧ ਦੇ ਚੱਲਦੇ ਚੱਲਦੇ ਅੱਜ ਪੰਜਾਬ ਮਹਿਲਾ ਕਾਂਗਰਸ ਦੇ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ, ਜ਼ਿਲ੍ਹਾ ਪ੍ਰਧਾਨ ਰੇਖਾ ਅਗਰਵਾਲ ਤੇ ਭੁਪਿੰਦਰ ਕੌਰ ਦੀ ਅਗਵਾਈ ਪੰਜਾਬ ਦੀ ਆਪ ਸਰਕਾਰ ਵੱਲੋਂ ਔਰਤਾਂ ਨਾਲ ਕੀਤੇ ਗਏ ਵੱਡੇ ਧੋਖੇ ਦੇ ਵਿਰੋਧ ਵਿੱਚ, ਹਰ ਔਰਤ ਨੂੰ ਹਜ਼ਾਰ ਰੁਪਿਆ ਮਹੀਨਾ ਦੇਣ ਦੀ ਮੰਗ ਰੱਖਦੇ ਹੋਏ ਡੀ ਸੀ ਦਫਤਰ ਪਟਿਆਲਾ ਵਿਖੇ ਰੋਸ ਧਰਨਾ ਦਿੱਤਾ ਗਿਆ।ਇਸੇ ਦੌਰਾਨ ਪ੍ਰੈੱਸ ਨੂੰ ਸੰਬੋਧਨ ਕਰਦਿਆਂ ਗੁਰਸ਼ਰਨ ਕੌਰ ਰੰਧਾਵਾ ਨੇ ਕਿਹਾ ਕਿ ਇੱਕ ਪਾਸੇ ਪੰਜਾਬ ਮਹਿਲਾ ਕਾਂਗਰਸ ਔਰਤਾਂ ਦੇ ਹੱਕਾਂ ਲਈ ਆਪਣੀ ਲੜਾਈ ਲੜ ਰਹੀ ਹੈ, ਦੂਜੇ ਪਾਸੇ ਆਮ ਆਦਮੀ ਸਰਕਾਰ ਸਮੇਂ ਸਮੇਂ 'ਤੇ ਔਰਤਾਂ ਨੂੰ ਹਜ਼ਾਰ ਰੁਪਇਆ ਦੇਣ ਦੀ ਗਰੰਟੀ ਦੀ ਤਰੀਕ ਅੱਗੇ ਪਾ ਕੇ ਮਹਿਲਾਵਾਂ ਤੇ ਬੇਟੀਆਂ ਦਾ ਮਜ਼ਾਕ ਉਡਾ ਰਹੀ ਹੈ।ਬੀਬੀ ਰੰਧਾਵਾ ਨੇ ਕਿਹਾ ਕਿ ਪਿਛਲੇ ਚਾਰ ਸਾਲਾਂ ਵਿੱਚ 48 ਹਜ਼ਾਰ ਤੋਂ ਵੱਧ ਦੀ ਬਕਾਇਆ ਰਾਸ਼ੀ ਵੀ ਦਿੱਤੀ ਜਾਏ।ਇਸੇ ਦੌਰਾਨ ਜ਼ਿਲ੍ਹਾ ਮਹਿਲਾ ਕਾਂਗਰਸ ਸ਼ਹਿਰੀ ਦੀ ਪ੍ਰਧਾਨ ਰੇਖਾ ਅਗਰਵਾਲ ਤੇ ਦਿਹਾਤੀ ਪ੍ਰਧਾਨ ਭੁਪਿੰਦਰ ਕੌਰ ਕੌਰਜੀਵਾਲਾ ਨੇ ਕਿਹਾ ਕਿ ਪੰਜਾਬ ਮਹਿਲਾ ਕਾਂਗਰਸ ਮਹਿਲਾਵਾਂ ਦੇ ਹੱਕਾਂ ਲਈ ਆਪਣੀ ਲੜਾਈ ਜਾਰੀ ਰੱਖੇਗੀ।

ਇਸ ਮੌਕੇ ਯਾਮਿਨੀ ਵਰਮਾ, ਰੁਪਿੰਦਰ ਕੌਰ ਜਲਾਲਪੁਰ, ਲਤਾ ਵਰਮਾ, ਪ੍ਰਿੰਸੀਪਲ ਅਮਰਜੀਤ ਕੌਰ, ਮਨਜੀਤ ਕੌਰ ਭੱਠਲ, ਬਲਵਿੰਦਰ ਕੌਰ ਨਿਆਲ ਪ੍ਰਧਾਨ ਪਾਤੜਾਂ, ਪੂਜਾ ਗਰਗ ਸਮਾਣਾ, ਰੇਨੂੰ ਬਾਲਾ, ਗੁਰਮੀਤ ਕੌਰ, ਪੱਲਵੀ ਜੈਨ, ਲਲਿਤਾ ਰਾਓ, ਹਰਵਿੰਦਰ ਕੌਰ, ਗੁਰਪ੍ਰੀਤ ਸਿੰਘ ਪੀਏ, ਕਾਲਾ ਬਠੋਈ, ਪ੍ਰਭ ਭਿੰਡਰ ਆਦਿ ਹਾਜ਼ਰ ਸਨ। ਇਸ ਦੌਰਾਨ ਸਮੂਹ ਮਹਿਲਾ ਕਾਂਗਰਸ ਤੇ ਸਾਬਕਾ ਏਆਈਜੀ ਗੁਰਿੰਦਰ ਸਿੰਘ ਢਿੱਲੋਂ ਨੇ ਤਹਿਸੀਲਦਾਰ ਰਾਹੀਂ ਡੀ ਸੀ ਨੂੰ ਮੰਗ ਪੱਤਰ ਵੀ ਸੌਂਪਿਆ।

## ਗੁੱਡ ਮੌਰਨਿੰਗ ਕਲੱਬ ਵੱਲੋਂ ਰਿਫਲੈਕਟਰ ਲਾਉਣ ਦੇ ਦੂਜੇ ਪੜਾਅ ਦੀ ਸ਼ੁਰੂਆਤ

■ ਕਲੱਬ ਦੇ ਮਨੁੱਖਤਾ ਦੀ ਭਲਾਈ ਵਾਲੇ ਸੇਵਾ ਕਾਰਜ ਪ੍ਰਸ਼ੰਸਾਯੋਗ : ਡੀ ਐੱਸ ਪੀ

**ਕੋਟਕਪੂਰਾ (ਰਛਪਾਲ ਭੁੱਲਰ)**

ਗੁੱਡ ਮੌਰਨਿੰਗ ਵੈੱਲਫੇਅਰ ਕਲੱਬ ਵੱਲੋਂ ਨਵੇਂ ਸਾਲ ਦੀ ਖੁਸ਼ੀ ਨੂੰ ਵਿਲੱਖਣ ਢੰਗ ਨਾਲ ਸਾਂਝਾ ਕੀਤਾ ਗਿਆ।ਕਲੱਬ ਦੇ ਪ੍ਰਧਾਨ ਡਾ ਮਨਜੀਤ ਸਿੰਘ ਢਿੱਲੋਂ ਤੇ ਚੇਅਰਮੈਨ ਪੱਪੂ ਲਹੌਰੀਆ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਕਲੱਬ ਵਲੋਂ ਵੱਖ-ਵੱਖ ਸੈਂਕੜੇ ਵਾਹਨਾਂ ਮਗਰ ਰਿਫਲੈਕਟਰ ਲਾਏ ਗਏ ਸਨ।ਅੱਜ ਦੂਜੇ ਪੜਾਅ ਵਿੱਚ ਵਾਹਨਾਂ ਮਗਰ ਤੇ ਡਿਵਾਈਡਰਾਂ 'ਤੇ ਰਿਫਲੈਕਟਰ ਲਾਉਣ ਦੀ ਮੁਹਿਮ ਦੀ ਸ਼ੁਰੂਆਤ ਸ੍ਰੀ ਸੰਜੀਵ ਕੁਮਾਰ ਡੀਐੱਸਪੀ ਕੋਟਕਪੂਰਾ ਤੇ ਜ਼ਿਲ੍ਹਾ ਟ੍ਰੈਫਿਕ ਇੰਚਾਰਜ ਐੱਸ. ਆਈ. ਵਕੀਲ ਸਿੰਘ ਬਰਾੜ ਨੇ ਸਾਂਝੇ ਤੌਰ 'ਤੇ ਕੀਤੀ।ਇਸ ਮੌਕੇ ਸਥਾਨਕ ਟ੍ਰੈਫਿਕ ਇੰਚਾਰਜ ਏਐੱਸਆਈ ਹਰਪਾਲ ਸਿੰਘ ਸਮੇਤ ਹੋਰ ਪੁਲਸ ਕਰਮਚਾਰੀ ਤੇ ਇਲਾਕੇ ਦੀਆਂ ਉੱਘੀਆਂ ਸ਼ਖਸੀਅਤਾਂ ਵੀ ਹਾਜ਼ਰ ਸਨ।ਕਲੱਬ ਦੇ ਮੁੱਖ ਸਰਪ੍ਰਸਤ ਗੁਰਿੰਦਰ ਸਿੰਘ ਮਹਿੰਦੀਰੱਤਾ, ਪ੍ਰੋ. ਐੱਚ. ਐੱਸ. ਪਦਮ ਜਨਰਲ ਸਕੱਤਰ, ਸੁਰਿੰਦਰ ਸਿੰਘ ਸਦਿਉੜਾ ਸੀਨੀਅਰ ਮੀਤ ਪ੍ਰਧਾਨ, ਸੁਨੀਲ ਕੁਮਾਰ ਬਿੱਟਾ ਗਰੋਵਰ ਉਪ ਚੇਅਰਮੈਨ ਆਦਿ ਨੇ ਦੱਸਿਆ 

2- January - Page - 7.qxd 1/1/2026 10:30 PM Page 1



### ਸੇਵਾ-ਮੁਕਤੀ 'ਤੇ ਵਿਸ਼ੇਸ਼ :

## ਮਿਹਨਤੀ, ਇਮਾਨਦਾਰ ਤੇ ਅਣਥੱਕ ਸ਼ਖਸੀਅਤ ਕੁਲਵੰਤ ਸਿੰਘ ਧੱਲੇਕੇ

ਪੰਜਾਬ ਰਾਜ ਬਿਜਲੀ ਬੋਰਡ ਤੋਂ ਪੀ ਐਚ ਪੀ ਸੀ ਐਲ ਬਣੇ ਵਿਭਾਗ ਤੋਂ ਟੈਕਨੀਕਲ ਸਰਵਿਸਜ਼ ਯੂਨੀਅਨ ਦੇ ਉੱਘੇ ਆਗੂ ਸਾਥੀ ਕੁਲਵੰਤ ਸਿੰਘ ਬੱਸੀ ਲਾਈਨਮੈਨ ਦੇ ਅਹੁਦੇ ਤੋਂ ਅੱਜ ਸੇਵਾ ਮੁਕਤ ਹੋਏ ਤੇ ਉਨ੍ਹਾਂ ਦੀ ਸੇਵਾ ਮੁਕਤੀ 'ਤੇ ਪਿੰਡ ਧੱਲੇਕੇ (ਮੋਗਾ) ਵਿਖੇ ਉਨ੍ਹਾਂ ਨੂੰ ਸਨਮਾਨ ਪੱਤਰ ਭੇਟ ਕਰਕੇ ਸਨਮਾਨਤ ਕੀਤਾ ਗਿਆ।

ਕੁਲਵੰਤ ਸਿੰਘ ਦਾ ਜਨਮ 4 ਦਸੰਬਰ 1967 ਨੂੰ ਮਾਤਾ ਅਜੈਬ ਕੌਰ ਦੀ ਕੁੱਖੋਂ ਪਿੰਡ ਗੁਰੂਸਰ ਜਲਾਲ ਜ਼ਿਲ੍ਹਾ ਬਠਿੰਡਾ ਵਿਖੇ ਨਾਨਕੇ ਘਰ ਹੋਇਆ।ਸਾਥੀ ਨੇ ਆਪਣੀ ਸਿੱਖਿਆ ਪਿੰਡ ਧੱਲੇਕੇ ਦੇ ਹਾਈ ਸਕੂਲ ਤੋਂ ਪੂਰੀ ਕਰਨ ਉਪਰੰਤ ਪੰਜਾਬ ਰਾਜ ਬਿਜਲੀ ਬੋਰਡ ਹੁਣ ਪਾਵਰਕਾਮ ਵਿੱਚ 1 ਅਗਸਤ 1985 ਨੂੰ ਬਤੌਰ ਡੇਲੀਵੇਜ ਭਰਤੀ ਹੋਏ ਤੇ ਫਿਰ ਆਪਣੀ ਮਿਹਨਤ ਸਦਕਾ ਲਾਈਨਮੈਨ ਬਣੇ।ਸਾਥੀ ਦਾ ਵਿਆਹ 20 ਫਰਵਰੀ 1995 ਨੂੰ ਮਾਤਾ ਸ੍ਰੀਮਤੀ ਤੇਜ ਕੌਰ ਅਤੇ ਪਿਤਾ ਸੇਵਕ ਸਿੰਘ ਦੀ ਸਪੁੱਤਰੀ ਬਲਵੀਰ ਕੌਰ ਪਿੰਡ ਮਾਛੀਕੇ ਤਹਿਸੀਲ ਨਿਹਾਲ ਸਿੰਘ ਵਾਲਾ ਨਾਲ ਹੋਇਆ।ਇਨ੍ਹਾਂ ਦੇ ਘਰ ਦੋ ਬੱਚੇ ਬੇਟਾ ਜਸਪ੍ਰੀਤ ਸਿੰਘ ਬੱਸੀ ਅਤੇ ਬੇਟੀ ਮਨਦੀਪ ਕੌਰ ਬੱਸੀ ਨੇ ਜਨਮ ਲਿਆ।ਬੇਟਾ ਆਪਣੀ ਜੀਵਨ ਸਾਥਣ ਜਸਪ੍ਰੀਤ ਕੌਰ ਬੱਸੀ ਨਾਲ ਅਤੇ ਬੇਟੀ ਆਪਣੇ ਪਤੀ ਮਨਦੀਪ ਸਿੰਘ ਭੁੱਲਰ ਵਾਸੀ ਫਰੀਦਕੋਟ ਨਾਲ ਦੋਨੋਂ ਪਰਵਾਰ ਕਨੇਡਾ ਵਿੱਚ ਸੈਟਲ ਹਨ।ਬਿਜਲੀ ਬੋਰਡ ਵਿੱਚ ਪੂਰੀ ਲਗਨ ਅਤੇ ਤਨਦੇਹੀ ਨਾਲ ਆਪਣੀ ਸੇਵਾ ਨਿਭਾਉਂਦੇ ਹੋਏ 2003 ਵਿੱਚ ਬਿਜਲੀ ਬੋਰਡ ਦਾ ਕੈਸ਼ ਲੁੱਟਣ ਆਏ ਲੁਟੇਰਿਆਂ ਦਾ ਖਾਲੀ ਹੱਥ ਮੁਕਾਬਲਾ ਕੀਤਾ ਜਿਸ ਦੌਰਾਨ ਸਾਥੀ ਦੇ ਚਾਰ ਗੋਲੀਆਂ ਗਰਦਨ ਵਿੱਚ ਅਤੇ ਇੱਕ ਗੋਲੀ ਹੱਥ ਵਿੱਚ ਲੱਗੀ ਜਿਸ ਨਾਲ ਸਾਥੀ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ ਸੀ ਤੇ ਮੋਗੇ ਤੋਂ ਲੁਧਿਆਣਾ ਰੈਫਰ ਕਰਨਾ ਪਿਆ।ਲੋਕ ਭਲਾਈ ਦੇ ਕੀਤੇ ਕੰਮਾਂ ਸਦਕਾ ਅਤੇ ਦੋਸਤਾਂ ਰਿਸ਼ਤੇਦਾਰਾਂ ਤੇ ਲੋਕਾਂ ਦੀਆਂ ਦੁਆਵਾਂ ਨਾਲ ਨਵਾਂ ਜੀਵਨ ਮਿਲਿਆ।26 ਜਨਵਰੀ 2004 ਨੂੰ ਗਣਤੰਤਰ ਦਿਵਸ ਮੌਕੇ ਪੰਜਾਬ ਸਰਕਾਰ ਦੀ ਤਰਫੋਂ ਬਹਾਦਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਅਤੇ ਪੰਜਾਬ ਰਾਜ ਬਿਜਲੀ ਬੋਰਡ ਦੀ ਤਰਫੋਂ ਇੱਕ ਵਾਧੂ ਇੰਕਰੀਮੈਂਟ ਵੀ ਦਿੱਤਾ ਗਿਆ। ਮਹਿਕਮੇ ਵਿੱਚ ਭਰਤੀ ਹੋਏ ਬਿਜਲੀ ਬੋਰਡ ਦੀ ਸਿਰਮੌਰ ਜੱਥੇਬੰਦੀ ਟੀ.ਐਸ.ਯੂ. ਦੇ ਮੈਂਬਰ ਬਣੇ ਅਤੇ ਵੱਖ-ਵੱਖ ਅਹੁਦਿਆਂ ਤੇ ਹੁੰਦੇ ਹੋਏ ਸਬ ਡਵੀਜ਼ਨ ਕਮੇਟੀ, ਡਵੀਜ਼ਨ ਕਮੇਟੀ, ਸਰਕਲ ਕਮੇਟੀ ਵਿੱਚ ਕੰਮ ਕੀਤਾ। ਸਾਥੀ ਹੁਣ ਟੈਕਨੀਕਲ ਸਰਵਿਸਜ਼ ਯੂਨੀਅਨ ਸਰਕਲ ਫਰੀਦਕੋਟ ਦੇ ਮੌਜੂਦਾ ਪ੍ਰਧਾਨ ਹਨ। ਕੁਲਵੰਤ ਸਿੰਘ ਸਾਹਿਤਕ ਰੁਚੀਆਂ ਵੀ ਰੱਖਦੇ ਹਨ ਤੇ ਉਨ੍ਹਾਂ ਦੀਆਂ ਆਪਣੀਆਂ ਲਿਖੀਆਂ ਹੋਈਆਂ ਸਤਰਾਂ, ਮੀਂਹ ਹਨ੍ਹੇਰੀ ਭਾਵੇਂ ਝੱਖੜ ਝੁੱਲੇ, ਤਾਂ ਵੀ ਡਿਊਟੀ ਆਉਂਦੇ ਨੇ, ਆਪਣੇ ਘਰ ਭਾਵੇ ਹੋਵੇ ਹਨ੍ਹੇਰਾ, ਤਾਂ ਵੀ ਲੋਕਾਂ ਦੇ ਘਰ ਰੁਸ਼ਨਾਉਂਦੇ ਨੇ।ਡੇਢ ਸੂਤ ਤੇ ਨੇੜੇ ਮੌਤ ਹੈ ਹੁੰਦੀ ਫਿਰ ਵੀ ਨਾ ਘਬਰਾਉਂਦੇ ਨੇ, ਚੌਵੀ ਘੰਟੇ ਡਿਊਟੀ ਕਰਕੇ ਆਪਣਾ ਫਰਜ਼ ਨਿਭਾਉਂਦੇ ਨੇ। ਸਾਥੀ ਨੇ ਸੇਵਾ ਮੁਕਤ ਹੋ ਕੇ ਭਾਵੇਂ ਮੁਲਾਜ਼ਮਤ ਤੋਂ ਦੂਰ ਹੋ ਜਾਣਾ ਹੈ ਪਰ ਦਿਲਾਂ ਦੀ ਸਾਂਝ ਨੇ ਹਮੇਸ਼ਾਂ ਬਰਕਰਾਰ ਰਹਿਣਾ ਹੈ।ਅਸੀਂ ਸਾਥੀ ਦੀ ਲੰਬੀ ਉਮਰ ਤੇ ਚੰਗੀ ਸਿਹਤ ਦੀ ਕਾਮਨਾ ਕਰਦੇ ਹਾਂ।

-ਇਕਬਾਲ ਸਿੰਘ ਖਹਿਰਾ

## ਗੌਰਮਿੰਟ ਟੀਚਰਜ਼ ਯੂਨੀਅਨ ਦਾ ਵਫ਼ਦ ਅਧਿਆਪਕ ਮੰਗਾਂ ਸੰਬੰਧੀ ਡਾਇਰੈਕਟਰ ਸਕੂਲ ਸਿੱਖਿਆ ਨੂੰ ਮਿਲਿਆ

ਜ਼ੀਰਾ (ਨਰਿੰਦਰ ਅਨੇਜਾ) ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਵਫਦ ਵੱਲੋਂ ਵੱਖ-ਵੱਖ ਅਧਿਆਪਕ ਮੰਗਾਂ ਮਸਲਿਆਂ 'ਤੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਸੂਬਾ ਜਨਰਲ ਸਕੱਤਰ ਗੁਰਬਿੰਦਰ ਸਿੰਘ ਸਸਕੌਰ ਦੀ ਅਗਵਾਈ ਹੇਠ ਡਾਇਰੈਕਟਰ ਸਕੂਲ ਐਜੂਕੇਸ਼ਨ ਸੈਸਿੱ ਪੰਜਾਬ ਗੁਰਿੰਦਰ ਸੋਢੀ (ਵਾਧੂ ਚਾਰਜ ਐਸਿੱ) ਜੀ ਨੂੰ ਸੈਕੰਡਰੀ ਤੇ ਪ੍ਰਾਇਮਰੀ ਮਸਲਿਆਂ ਸਬੰਧੀ ਮਿਲਿਆ, ਜਿਸ ਵਿੱਚ ਏਡੀ ਮਹੇਸ਼ ਕੁਮਾਰ, ਏਡੀ ਜਸਜੀਤ ਸਿੰਘ, ਪੀਏ ਮੈਡਮ ਆਸ਼ਾ ਜੀ ਤੇ ਸੁਪਰਡੈਂਟ ਅਸ਼ੋਕ ਕੁਮਾਰ ਗੁਪਤਾ ਵੀ ਹਾਜ਼ਰ ਸਨ। ਵਫ਼ਦ ਨੇ ਦੱਸਿਆ ਕਿ ਜਥੇਬੰਦੀ ਨੇ ਮੰਗ ਕੀਤੀ ਕਿ ਪੰਚਾਇਤੀ ਚੋਣਾਂ ਦੌਰਾਨ ਮੋਗਾ ਜ਼ਿਲ੍ਹੇ ਦੇ ਪਤੀ-ਪਤਨੀ ਅਧਿਆਪਕਾਂ ਤੇ ਹੋਰ ਅਧਿਆਪਕਾਂ ਜਿਨ੍ਹਾਂ ਦੇ ਗੰਭੀਰ ਸੱਟਾਂ ਲੱਗੀਆਂ, ਉਨ੍ਹਾਂ ਦੇ ਮੁਆਵਜ਼ੇ ਬਾਰੇ ਮੰਗ ਕੀਤੀ।

ਸਰਕਾਰ ਵੱਲੋਂ ਦਿੱਤੇ ਮੁਆਵਜ਼ੇ ਨੂੰ ਨਕਾਰਦੇ ਹੋਏ ਅਧਿਆਪਕ ਜਥੇਬੰਦੀਆਂ ਦੀ ਮੰਗ ਅਨੁਸਾਰ 2-2 ਕਰੋੜ ਰੁਪਏ ਦਿੱਤੇ ਜਾਣ, ਉਨ੍ਹਾਂ ਦੇ ਬੱਚਿਆਂ ਨੂੰ ਪੜ੍ਹਾਈ ਪੂਰੀ ਤੇ ਸਰਕਾਰੀ ਨੌਕਰੀ ਦੀ ਲਿਖਤੀ ਗਾਰੰਟੀ ਦਿੱਤੀ ਜਾਵੇ, ਬੱਚਿਆਂ ਦੀ ਸਮੁੱਚੀ ਪੜ੍ਹਾਈ ਦੇ ਖਰਚੇ ਦੀ ਜ਼ਿੰਮੇਵਾਰੀ ਸਰਕਾਰ ਚੁੱਕੇ।ਡੀਐਸਈ ਪੰਜਾਬ ਵੱਲੋਂ ਮੰਗ ਨਾਲ ਸਹਿਮਤ ਹੁੰਦਿਆਂ ਆਪਣੀ ਸਿਫ਼ਾਰਸ਼ ਸਮੇਤ ਪੰਜਾਬ ਸਰਕਾਰ ਨੂੰ ਭੇਜਣ ਦੀ ਸਹਿਮਤੀ ਦਿੱਤੀ। ਚੋਣਾਂ ਵਿੱਚ ਆਈਆਂ ਮੁਸ਼ਕਲਾਂ ਸਬੰਧੀ ਜਥੇਬੰਦੀ ਨੇ ਡੀਐਸੀਈ ਨਾਲ ਗੱਲਬਾਤ ਕੀਤੀ।

ਡੀਐਸਈ ਨੇ ਕਿਹਾ ਚੋਣ ਡਿਊਟੀਆਂ ਬਲਾਕ ਪੱਧਰ 'ਤੇ ਲਾਉਣ ਲਈ ਅਤੇ ਬਾਕੀ ਆਈਆਂ ਮੁਸ਼ਕਲਾਂ ਦੇ ਹੱਲ ਸਬੰਧੀ ਜਥੇਬੰਦੀ ਦੀ ਮੰਗ ਅਨੁਸਾਰ ਸਕੱਤਰ ਸਿੱਖਿਆ ਪ੍ਰਵਾਨਗੀ ਨਾਲ ਚੋਣ ਕਮਿਸ਼ਨ ਨੂੰ ਲਿਖਿਆ ਜਾਵੇਗਾ।ਈਟੀਟੀ ਤੋਂ ਮਾਸਟਰ, ਮਾਸਟਰ ਕਾਡਰ ਤੋਂ ਲੈਕਚਰਾਰ ਅਤੇ ਮੁੱਖ ਅਧਿਆਪਕ, ਵੱਖ-ਵੱਖ ਕਾਡਰਾਂ ਤੋਂ ਬਤੌਰ ਪ੍ਰਿੰਸੀਪਲ, ਬੀ ਪੀ ਈ ਓ ਦੀਆਂ ਬਤੌਰ ਪ੍ਰਿੰਸੀਪਲ/ਉਪ ਜ਼ਿਲ੍ਹਾ ਸਿੱਖਿਆ ਅਫਸਰ, ਡਿਪਟੀ/ਸਹਾਇਕ ਡਾਇਰੈਕਟਰ ਦੀਆਂ ਤਰੱਕੀਆਂ ਜਲਦ ਕੀਤੀਆਂ ਜਾਣ ਦੀ ਮੰਗ ਕੀਤੀ, ਜਿਹੜੀਆਂ ਪ੍ਰਮੋਸ਼ਨਾਂ ਹੋ ਚੁੱਕੀਆਂ ਹਨ (ਈਟੀਟੀ ਤੋਂ ਮਾਸਟਰ ਕਾਡਰ ਲੈਫਟ ਆਊਟ ਦੀਆਂ ਪ੍ਰਮੋਸਨਾਂ ਹੋ ਚੁੱਕੀਆਂ ਹਨ ਤੇ ਰਹਿੰਦੇ ਉਮੀਦਵਾਰਾਂ ਨੂੰ ਜਲਦੀ ਉਨ੍ਹਾਂ ਨੂੰ ਆਉਣ ਵਾਲੇ ਦਿਨਾਂ 'ਚ ਜਲਦੀ ਸਟੇਸ਼ਨ ਦਿੱਤੇ ਜਾਣਗੇ।ਸੀਐਡਵੀ ਤੋਂ ਡੀਪੀਈ ਪਦਉਨੱਤ ਹੋਏ ਅਧਿਆਪਕਾਂ ਨੂੰ ਅਗਲੇ ਹਫ਼ਤੇ ਆਰਡਰ ਜਾਰੀ ਕਰਨ ਦਾ ਭਰੋਸਾ ਦਿੱਤਾ।

ਪਹਿਲਾਂ ਪਦਉਨੱਤ ਹੋਏ ਅਧਿਆਪਕਾਂ, ਲੈਕਚਰਾਰਾਂ ਨੂੰ ਦੁਬਾਰਾ ਸਟੇਸ਼ਨ ਚੋਣ ਦਾ ਮੌਕਾ ਦੇਣ ਦਾ ਭਰੋਸਾ ਦਿੱਤਾ।ਪ੍ਰਿੰਸੀਪਲਾਂ ਸਮੇਤ ਹਰ ਪ੍ਰਮੋਸ਼ਨ ਲਈ ਪਹਿਲੀ ਨਿਯੁਕਤੀ ਦੀ ਅੰਕ ਪ੍ਰਤੀਸ਼ਤਤਾ ਨੂੰ ਪਦਉਨਤੀ ਦਾ ਆਧਾਰ ਮੰਨਿਆ ਜਾਵੇ। ਕੰਪਿਊਟਰ ਅਧਿਆਪਕਾਂ, ਮੈਰੀਟੋਰੀਅਸ ਸਕੂਲ ਅਧਿਆਪਕਾਂ ਨੂੰ ਰੈਗੂਲਰ ਕਰਨ ਸਬੰਧੀ ਮੰਗ ਕੀਤੀ ਗਈ।ਨਾਨ ਟੀਚਿੰਗ ਦਫ਼ਤਰੀ ਕੁਮਚਾਰੀਆਂ ਨੂੰ ਪੂਰੇ ਸਕੇਲਾਂ ਸਮੇਤ ਸਿੱਖਿਆ ਵਿਭਾਗ ਵਿੱਚ ਮਰਜ਼ ਕਰਨ ਦੀ ਮੰਗ ਕੀਤੀ ਗਈ। ਨਾਨ ਟੀਚਿੰਗ ਕੁਮਚਾਰੀਆਂ ਨੂੰ ਜਨਵਰੀ ਮਹੀਨੇ ਆਰਡਰ ਦੇ ਦਿੱਤੇ ਜਾਣਗੇ।ਐਸੋਸੀਏਟ ਅਧਿਆਪਕ ਤੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਪੜ੍ਹਾਉਣ ਵਾਲੇ ਅਧਿਆਪਕਾਂ ਨੂੰ ਪੱਕੇ ਤੌਰ 'ਤੇ ਰੈਗੂਲਰ ਕਰਨ ਦੀ ਮੰਗ ਕੀਤੀ ।8886 ਰੈਗੂਲਰ ਹੋਏ ਅਧਿਆਪਕਾਂ ਨੂੰ ਸੀ ਐਸ ਆਰ ਰੂਲਜ਼ ਅਨੁਸਾਰ ਠੇਕਾ ਅਧਾਰਤ ਸੇਵਾ ਨੂੰ ਗਿਣਦਿਆਂ ਬਣਦੀਆਂ ਅਚਨਚੇਤ ਛੁੱਟੀਆਂ ਦਾ ਲਾਭ ਦੇਣ ਸੰਬੰਧੀ।ਡੀਐਸਈ ਜੀ ਵੱਲੋਂ ਦੱਸਿਆ ਗਿਆ ਕਿ ਫਾਈਲ ਸਕੱਤਰ ਸਕੂਲ ਸਿੱਖਿਆ ਜੀ ਨੂੰ ਭੇਜੀ ਗਈ ਸੀ ਪਰ ਕੁਝ ਇਤਰਾਜ਼ ਲੱਗ ਕੇ ਫਾਈਲ ਵਾਪਸ ਆ ਗਈ ਸੀ ਸੋ ਹੁਣ ਫੇਰ ਦੁਬਾਰਾ ਫਾਇਲ ਸਕੱਤਰ ਸਿੱਖਿਆ ਇਤਰਾਜ਼ ਦੂਰ ਕਰਕੇ ਵਾਪਸ ਭੇਜੀ ਜਾਵੇਗੀ।ਬੱਚਾ ਸੰਭਾਲ ਛੁੱਟੀ/ਵਿਦੇਸ਼/ਦੀ ਪ੍ਰਵਾਨਗੀ ਦੇ ਅਧਿਕਾਰ ਡੀ.ਡੀ.ਓ. ਪੱਧਰ 'ਤੇ ਦਿੱਤੇ ਜਾਣ ਦੀ ਮੰਗ ਕੀਤੀ।ਐਗਜੈਂਪਟਡ ਕੈਟਾਗਰੀ ਅਧਿਆਪਕਾਂ ਨੂੰ ਹਰ ਮਹੀਨੇ ਬਦਲੀ ਦਾ ਪੋਰਟਲ ਖੋਲ੍ਹਣ ਦੀ ਮੰਗ ਕੀਤੀ ਗਈ।ਡੀਐਸਈ ਜੀ ਵੱਲੋਂ ਜਥੇਬੰਦੀ ਦੀ ਮੰਗ 'ਤੇ ਜਨਵਰੀ ਮਹੀਨੇ ਵਿੱਚ ਪੋਰਟਲ ਖੋਲ੍ਹਿਆ ਜਾਵੇਗਾ।ਅਧਿਆਪਕਾਂ ਤੋਂ ਲਏ ਜਾਂਦੇ ਸਾਰੇ ਗੈਰ ਵਿੱਦਿਅਕ ਕੰਮ ਬੰਦ ਕੀਤੇ ਜਾਣ।ਇਸ ਸਬੰਧੀ ਵਿਭਾਗ ਵੱਲੋਂ ਅਸਮੱਰਥਾ ਪ੍ਰਗਟਾਈ ਗਈ। ਹਰ ਸਾਲ ਬਦਲੀਆਂ ਦਾ ਕੰਮ ਪਾਰਦਰਸ਼ੀ ਢੰਗ ਰਾਹੀ ਪਹਿਲ ਦੇ ਅਧਾਰ 'ਤੇ ਮੁਕੰਮਲ ਕਰਨ ਸੰਬੰਧੀ ਪਿਛਲੇ ਸਾਲ ਪੋਰਟਲ ਤੇ ਤਕਨੀਕੀ ਘਾਟਾਂ ਅਣਗਹਿਲੀ ਤੇ ਭ੍ਰਿਸ਼ਟਾਚਾਰ ਸਬੰਧੀ ਜਥੇਬੰਦੀ ਨੇ ਵਿਭਾਗ ਨੂੰ ਚੇਤਾਵਨੀ ਦਿੱਤੀ ਕਿ ਇਹੋ ਜਿਹੀ ਕਾਰਵਾਈ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਜਥੇਬੰਦੀ ਵੱਲੋਂ ਜ਼ੋਰਦਾਰ ਢੰਗ ਨਾਲ ਮੰਗ ਰੱਖੀ ਕੇ ਪਦਉੱਨਤ ਅਧਿਆਪਕਾਂ ਲਈ ਪ੍ਰੋਬੇਸ਼ਨ ਇੱਕ ਸਾਲ ਦਾ ਹੈ ਤੇ ਬਦਲੀ ਦੇ ਲਈ ਵੀ ਸਟੇਅ ਦੀ ਸ਼ਰਤ ਇੱਕ ਸਾਲ ਹੋਵੇ।8886 ਦੇ ਮੁੱਖ ਅਧਿਆਪਕ ਦੀ ਸਨਿਓਰਟੀ ਵੀ ਐਸ.ਐਸ.ਏ/ਰਮਸਾ ਅਧਿਆਪਕਾਂ ਵਾਂਗ 01-04-2018 ਤੋਂ ਬਣਾਈ ਜਾਵੇ।ਇਸ ਸਬੰਧੀ ਡੀਐਸਈ ਜੀ ਵੱਲੋਂ ਸਹਿਮਤੀ ਪ੍ਰਗਟਾਈ ਤੇ ਕਿਹਾ ਕਿ ਬਾਕੀ ਅਧਿਆਪਕਾਂ ਵਾਂਗੂ ਮੁੱਖ ਅਧਿਆਪਕ ਨੂੰ 1-4-18 ਤੋਂ ਹੀ ਬਣਾਈ ਜਾਵੇਗੀ ਸਿੱਖਿਆ ਨੀਤੀ 2020 ਰੱਦ ਕਰਕੇ ਪੰਜਾਬ ਦੀ ਆਪਣੀ ਸਿੱਖਿਆ ਨੀਤੀ ਬਨਾਉਣ ਦੀ ਮੰਗ ਕੀਤੀ ਗਈ।ਜਥੇਬੰਦੀ ਵੱਲੋਂ ਵਿੱਦਿਅਕ ਕੈਲੰਡਰ ਬਣਾਉਣ ਦੀ ਮੰਗ ਕੀਤੀ ਗਈ।ਡੀਐਸਈ ਜੀ ਵੱਲੋਂ ਕਿਹਾ ਗਿਆ ਕੇ ਵਿੱਦਿਅਕ ਕੈਲੰਡਰ ਆਉਣ ਵਾਲੇ ਸ਼ੈਸਨ (1 ਅਪ੍ਰੈਲ) ਤੋਂ ਲਾਗੂ ਕਰ ਦਿੱਤਾ ਜਾਵੇਗਾ। ਸੀਨੀਅਰ-ਜੂਨੀਅਰ ਤਨਖਾਹ ਫਿਕਸੇਸ਼ਨਾਂ ਦੇ ਅਧਿਕਾਰ ਡੀ.ਡੀ.ਓ. ਪੱਧਰ ਤੇ ਦਿੱਤੇ ਜਾਣ।ਐਫ਼.ਡੀ ਵੱਲੋਂ ਰੋਕ ਲਾਈ ਗਈ ਹੈ। ਇਸ ਸਬੰਧੀ ਐਫਡੀ ਨੂੰ ਲਿਖਿਆ ਜਾਵੇਗਾ ।

## ਨਵੇਂ ਸਾਲ ਦੇ ਮੱਦੇਨਜ਼ਰ ਨਾਕਾਬੰਦੀ, ਸ਼ੱਕੀ ਵਾਹਨਾਂ ਦੀ ਚੈਕਿੰਗ

ਮਹਿਲ ਕਲਾਂ, (ਪ੍ਰਦੀਪ ਸਿੰਘ ਲੋਹਗੜ੍ਹ) ਨਵੇਂ ਸਾਲ 2025 ਦੇ ਆਗਮਨ ਨੂੰ ਮੁੱਖ ਰੱਖਦਿਆਂ ਤੇ ਅਮਨ-ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ ਲਈ ਐਸ.ਐਸ.ਪੀ. ਬਰਨਾਲਾ ਮੁਹੰਮਦ ਸਰਫ਼ਰਾਜ਼ ਆਲਮ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੂਰੇ ਇਲਾਕੇ ਅੰਦਰ ਸੁਰੱਖਿਆ ਦੇ ਪੁਖ਼ਤਾ ਇੰਤਜ਼ਾਮ ਕੀਤੇ ਗਏ ਹਨ।ਇਸ ਮੁਹਿੰਮ ਤਹਿਤ ਸਬ-ਡਵੀਜ਼ਨ ਦੇ ਵੱਖ-ਵੱਖ ਇਲਾਕਿਆਂ ਵਿੱਚ ਡੀ.ਐਸ.ਪੀ.ਜਸਪਾਲ ਸਿੰਘ ਦੀ ਧਾਲੀਵਾਲ ਦੀ ਅਗਵਾਈ ਹੇਠ ਸ਼ੱਕੀ ਵਹੀਕਲਾਂ ਦੀ ਬਾਰੀਕੀ ਨਾਲ ਚੈਕਿੰਗ ਗਈ, ਤਾਂ ਜੁ ਨਵੇਂ ਸਾਲ ਦੇ ਜਸ਼ਨਾਂ ਦੌਰਾਨ ਕੋਈ ਵੀ ਅਣਸੁਖਾਵੀਂ ਘਟਨਾ ਨਾ ਵਾਪਰੇ ਤੇ ਆਮ ਜਨਤਾ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਡੀ.ਐਸ.ਪੀ. ਜਸਪਾਲ ਸਿੰਘ ਧਾਲੀਵਾਲ ਦੱਸਿਆ ਕਿ ਇਸ ਵਿਸ਼ੇਸ਼ ਚੈਕਿੰਗ ਮੁਹਿੰਮ ਦੌਰਾਨ ਪੁਲਸ ਵੱਲੋਂ ਆਉਣ-ਜਾਣ ਵਾਲੇ ਹਰ ਵਾਹਨ 'ਤੇ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ ਤੇ ਟ੍ਰੈਫ਼ਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਦੇ ਮੌਕੇ 'ਤੇ ਹੀ ਆਨਲਾਈਨ ਚਲਾਣ ਕੱਟੇ ਜਾ ਰਹੇ ਹਨ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਨਵੇਂ ਸਾਲ ਦੀਆਂ ਖੁਸ਼ੀਆਂ ਜ਼ਰੂਰ ਮਨਾਉਣ, ਪਰ ਇਸ ਦੌਰਾਨ ਕਾਨੂੰਨ ਦੇ ਦਾਇਰੇ ਵਿੱਚ ਰਹਿਣਾ ਲਾਜ਼ਮੀ ਹੈ।ਹੁੱਲੜਬਾਜ਼ੀ ਕਰਨ ਵਾਲਿਆਂ, ਸ਼ਰਾਬ ਪੀ ਕੇ ਵਾਹਨ ਚਲਾਉਣ ਵਾਲਿਆਂ ਤੇ ਸ਼ਾਂਤੀ ਭੰਗ ਕਰਨ ਵਾਲੇ ਅਨਸਰਾਂ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਐੱਸ.ਐੱਚ.ਓ. ਸਰਬਜੀਤ ਸਿੰਘ ਨੇ ਪੁਲਸ ਪਾਰਟੀ ਸਮੇਤ ਖੁਦ ਵਾਹਨਾਂ ਦੀ ਤਲਾਸ਼ੀ ਲਈ। ਉਨ੍ਹਾਂ ਜਨਤਾ ਨੂੰ ਅਪੀਲ ਕਰਦਿਆਂ ਕਿਹਾ ਕਿ ਜੇਕਰ ਕੋਈ ਵੀ ਸ਼ਰਾਰਤੀ ਅਨਸਰ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਕਰਦਾ ਹੈ ਜਾਂ ਕੋਈ ਸ਼ੱਕੀ ਵਸਤੂ ਦਿਖਾਈ ਦਿੰਦੀ ਹੈ, ਤਾਂ ਤੁਰੰਤ ਮਹਿਲ ਕਲਾਂ ਪੁਲਿਸ ਨੂੰ ਸੂਚਿਤ ਕੀਤਾ ਜਾਵੇ।ਉਨ੍ਹਾਂ ਸਪੱਸ਼ਟ ਕੀਤਾ ਕਿ ਪੁਲਸ ਨਾਗਰਿਕਾਂ ਦੀ ਸੁਰੱਖਿਆ ਲਈ 24 ਘੰਟੇ ਤਾਇਨਾਤ ਹੈ ਤੇ ਹਰ ਸ਼ੱਕੀ ਗਤੀਵਿਧੀ 'ਤੇ ਨਜ਼ਰ ਰੱਖੀ ਜਾ ਰਹੀ ਹੈ ਤਾਂ ਜੁ ਇਲਾਕੇ 'ਚ 'ਚ ਅਮਨ-ਸ਼ਾਂਤੀ ਕਾਇਮ ਰਹੇ।

## ਬੀਬੀ ਜਸਵਿੰਦਰ ਕੌਰ ਨਮਿਤ ਅੰਤਿਮ ਅਰਦਾਸ

ਅਜਨਾਲਾ : (ਸੁੱਖਦਿੰਦਰ ਸਿੰਘ ਰਾਜੂ) ਪੰਜਾਬ ਰਾਜ ਬਿਜਲੀ ਬੋਰਡ ਆਲ ਕੈਂਡਲ ਪੈਨਸ਼ਨ ਐਸੋਸੀਏਸ਼ਨ ਅਜਨਾਲਾ ਮੰਡਲ ਦੇ ਸੀਨੀਅਰ ਮੀਤ ਪ੍ਰਧਾਨ ਲਖਵਿੰਦਰ ਸਿੰਘ ਸਿੱਧੂ ਮਾਲਾਖੇੜੀ ਦੀ ਧਰਮ ਪਤਨੀ ਜਸਵਿੰਦਰ ਕੌਰ ਜੋ ਬੀਤੇ ਦਿਨੀ ਸਦੀਵੀ ਵਿਛੋੜਾ ਦੇ ਗਏ ਸਨ, ਨਮਿਤ ਭੋਗ ਤੇ ਅੰਤਿਮ ਅਰਦਾਸ ਗੁਰਦੁਆਰਾ ਬਾਬਾ ਦੀਪ ਸਿੰਘ ਅਜਨਾਲਾ ਵਿਖੇ ਹੋਈ। ਇਸ ਮੌਕੇ ਸ਼ਰਧਾਂਜਲੀ ਦਿੰਦਿਆਂ ਹਰਭਜਨ ਸਿੰਘ ਨੇ ਉਨਾਂ ਦੇ ਜੀਵਨ ਬਾਰੇ ਚਾਨਣਾ ਪਾਉਂਦਿਆਂ ਕਿਹਾ ਕਿ ਉਹ ਇੱਕ ਚਾਨਣ ਦਾ ਮਨਾਰਾ ਸਨ । ਇਸ ਮੌਕੇ ਨਗਰ ਪੰਚਾਇਤ ਅਜਨਾਲਾ ਦੇ ਪ੍ਰਧਾਨ ਜਸਪਾਲ ਸਿੰਘ ਭੱਟੀ ਸੋਮਨਾਥ ਮਰਵਾਹ ਪੈਨ

2 Jan Page 8.qxd 1/1/2026 10:34 PM Page 1



## ਗੜ੍ਹੀ ਨਵੇਂ ਸਾਲ ਮੌਕੇ ਡੇਰਾ ਸੱਚਖੰਡ ਬੱਲਾਂ ਵਿਖੇ ਹੋਏ ਨਤਮਸਤਕ

**ਜਲੰਧਰ, (ਸੁਰਿੰਦਰ ਕੁਮਾਰ)**- ਪੰਜਾਬ ਰਾਜ ਅਨੁਸੂਚਿਤ ਜਾਤੀਆ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨਵੇਂ ਸਾਲ ਮੌਕੇ ਡੇਰਾ ਸ੍ਰੀ 108 ਸੰਤ ਸਰਵਣ ਦਾਸ ਜੀ ਸੱਚਖੰਡ ਬੱਲਾਂ ਵਿਖੇ ਨਤਮਸਤਕ ਹੋਏ ਅਤੇ ਸੂਬੇ ਦੇ ਹਰ ਵਰਗ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ। ਡੇਰੇ ਦੇ

ਮੌਜੂਦਾ ਗੱਦੀਨਸ਼ੀਨ ਸੰਤ ਨਿਰੰਜਣ ਦਾਸ ਜੀ ਤੋਂ ਆਸ਼ੀਰਵਾਦ ਪ੍ਰਾਪਤ ਕਰਨ ਉਪਰੰਤ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 650ਵਾਂ ਪ੍ਰਕਾਸ਼ ਪੁਰਬ 20 ਫਰਵਰੀ 2027 ਨੂੰ ਸੰਤ ਨਿਰੰਜਣ ਦਾਸ ਜੀ ਦੀ ਅਗਵਾਈ ਵਿੱਚ ਸੰਸਾਰ ਪੱਧਰ 'ਤੇ ਬਨਾਰਸ ਦੀ ਧਰਤੀ 'ਤੇ ਮਨਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਇਤਿਹਾਸਕ 650 ਸਾਲਾ ਪ੍ਰਕਾਸ਼ ਪੁਰਬ ਨੂੰ ਸਮੁੱਚਾ ਰਵਿਦਾਸ ਭਾਈਚਾਰਾ ਇਕਜੁੱਟ ਹੋ ਕੇ ਮਨਾਵੇ, ਇਸ ਦੇ ਲਈ ਦੇਸ਼ ਭਰ ਵਿੱਚ ਰਵਿਦਾਸ ਭਾਈਚਾਰੇ ਨੂੰ ਲਾਮਬੰਦ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਸਰਬ-ਸਾਂਝੀਵਾਲਤਾ ਦਾ ਸੰਦੇਸ਼ ਦਿੰਦੀ ਹੈ ਅਤੇ ਸਾਨੂੰ ਗੁਰੂ ਜੀ ਵੱਲੋਂ ਦਰਸਾਏ ਮਾਰਗ 'ਤੇ ਚੱਲਦਿਆਂ ਉਨ੍ਹਾਂ ਦੀਆਂ ਮਹਾਨ ਸਿੱਖਿਆਵਾਂ 'ਤੇ ਪਹਿਰਾ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਦੇਸ਼ ਵਿੱਚ ਰਵਿਦਾਸ ਭਾਈਚਾਰੇ ਦੀ ਕਰੀਬ ਸਵਾ 6 ਕਰੋੜ ਆਬਾਦੀ ਹੈ। ਉਨ੍ਹਾਂ ਕਿਹਾ ਕਿ ਸਮੁੱਚੀ ਲੋਕਾਈ ਤੱਕ ਸ੍ਰੀ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਨੂੰ ਪਹੁੰਚਾਉਣ ਲਈ ਦੇਸ਼ ਭਰ ਵਿੱਚ ਵੱਡੇ ਪੱਧਰ 'ਤੇ ਲਹਿਰ ਉਸਾਰੀ ਜਾਵੇਗੀ, ਜਿਸ ਦੀ ਸ਼ੁਰੂਆਤ ਪੰਜਾਬ ਵਿੱਚ ਰਵਿਦਾਸ ਭਾਈਚਾਰੇ ਤੋਂ ਕੀਤੀ ਜਾ ਰਹੀ ਹੈ। ਇਸ ਮੌਕੇ ਜ਼ਿਲ੍ਹਾ ਭਲਾਈ ਅਫ਼ਸਰ ਰਣਬੀਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਸੰਗਤ ਮੌਜੂਦ ਸੀ।

## ਪ੍ਰਕਾਸ਼ ਪੁਰਬ ਦੇ ਸੰਬੰਧ 'ਚ ਅੱਜ ਸਜਾਇਆ ਜਾਵੇਗਾ ਵਿਸ਼ਾਲ ਨਗਰ ਕੀਰਤਨ

**ਜਲੰਧਰ (ਸੁਰਿੰਦਰ ਕੁਮਾਰ)**- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ 2 ਜਨਵਰੀ ਵਿਸ਼ਾਲ ਨਗਰ ਕੀਰਤਨ ਸਜਾਇਆ ਜਾ ਰਿਹਾ ਹੈ। ਇਹ ਨਗਰ ਕੀਰਤਨ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮੁਹੱਲਾ ਗੋਬਿੰਦਗੜ੍ਹ ਜਲੰਧਰ ਤੋਂ ਆਰੰਭ ਹੋ ਕਿ ਐਸ ਡੀ ਕਾਲਜ-ਭਾਰਤ ਸੋਡਾ ਫੈਕਟਰੀ-ਰੇਲਵੇ ਰੋਡ-ਮੰਡੀ ਫੈਂਟਨਗੰਜ-ਗੁਰਦੁਆਰਾ ਦੀਵਾਨ ਅਸਥਾਨ ਸੈਂਟਰਲ ਟਾਊਨ-ਮਿਲਾਪ ਚੌਕ-ਫਗਵਾੜਾ ਗੇਟ-ਸ਼ਹੀਦ ਭਗਤ ਸਿੰਘ ਚੌਕ-ਪੰਜ ਪੀਰ ਚੌਕ-ਖਿਗਰਾ ਗੇਟ-ਗੁਰਦੁਆਰਾ ਸ੍ਰੀ ਸਿੰਘ ਸਭਾ ਅੱਡਾ ਹੁਸ਼ਿਆਰਪੁਰ-ਮਾਈ ਹੀਰਾ ਗੇਟ-ਭਗਵਾਨ ਵਾਲਮੀਕ ਗੇਟ-ਪਟੇਲ ਚੌਕ-ਸਬਜੀ ਮੰਡੀ ਚੌਕ-ਜੇਲ੍ਹ ਚੌਕ-ਬਸਤੀ ਅੱਡਾ ਚੌਕ-ਭਗਵਾਨ ਵਾਲਮੀਕ ਚੌਕ (ਜੋਤੀ ਚੌਕ)-ਰੈਣਕ ਬਜਾਰ-ਮਿਲਾਪ ਚੌਕ ਵੱਲੋਂ ਹੁੰਦਿਆਂ ਹੋਇਆ ਗੁਰਦੁਆਰਾ ਸ੍ਰੀ ਦੀਵਾਨ ਅਸਥਾਨ ਸੈਂਟਰਲ ਟਾਊਨ ਵਿਖੇ ਸਮਾਪਤ ਹੋਵੇਗਾ। ਨਗਰ ਕੀਰਤਨ ਵਿੱਚ ਸੰਗਤਾਂ ਦੀ ਭਾਰੀ ਆਮਦ ਦੀ ਮੱਦੇਨਜ਼ਰ ਨਗਰ ਕੀਰਤਨ ਦੇ ਉਕਤ ਰੂਟ 'ਤੇ ਕਮਿਸ਼ਨਰੇਟ ਪੁਲਸ ਜਲੰਧਰ ਵੱਲੋਂ 2 ਜਨਵਰੀ ਨੂੰ ਸਵੇਰੇ 09.00 ਤੋਂ ਰਾਤ 10.00 ਵਜੇ ਤੱਕ ਇਨ੍ਹਾਂ ਪੁਆਇੰਟਾਂ/ਚੌਕਾਂ ਤੋਂ ਆਵਾਜਾਈ ਨੂੰ ਡਾਇਵਰਟ ਕੀਤਾ ਗਿਆ ਹੈ, ਜਿਨ੍ਹਾਂ ਵਿਚ 1. ਮਦਨ ਫਿਲੋਰ ਮਿੱਲ ਚੌਕ, 2. ਅਲਾਸਕਾ ਚੌਕ, 3. ਟੀ-ਪੁਆਇੰਟ ਰੇਲਵੇ ਸਟੇਸ਼ਨ, 4. ਇਕਹਰੀ ਪੁੱਲੀ ਦਮੋਰੀਆ ਪੁੱਲ, 5. ਕਿਸ਼ਨਪੁਰਾ ਚੌਕ/ਰੇਲਵੇ ਫਾਟਕ, 6. ਦੁਆਬਾ ਚੌਕ/ਰੇਲਵੇ ਫਾਟਕ, 7. ਪਟੇਲ ਚੌਕ, 8. ਵਰਕਸ਼ਾਪ ਚੌਕ, 9. ਕਪੂਰਥਲਾ ਚੌਕ, 10. ਚਿੱਕ-ਚਿੱਕ ਚੌਕ, 11. ਲਕਸ਼ਮੀ ਨਰਾਇਣ ਮੰਦਰ ਮੋੜ, 12. ਫੁੱਟਬਾਲ ਚੌਕ, 13, ਟੀ.ਪੁਆਂਇੰਟ ਸ਼ਕਤੀ ਨਗਰ, 14. ਨਕੋਦਰ ਚੌਕ, 15. ਸਕਾਈਲਾਰਕ ਚੌਕ, 16, ਪ੍ਰੀਤ ਹੋਟਲ ਮੋੜ, 17. ਮਖਦੂਮਪੁਰਾ ਗਲੀ (ਫੁੱਲਾਂਵਾਲਾ ਚੌਕ), 18. ਪਲਾਜਾ ਚੌਕ, 19. ਕੰਪਨੀ ਬਾਗ ਚੌਕ (ਪੀ.ਐਨ.ਬੀ ਚੌਕ), 20, ਮਿਲਾਪ ਚੌਕ, 21. ਸ਼ਾਸ਼ਤਰੀ ਮਾਰਕੀਟ ਚੌਕ ਸ਼ਾਮਲ ਹਨ।

## ਖੇਤੀਬਾੜੀ ਸੈਕਟਰ 'ਚ ਏ ਆਈ ਨੂੰ ਅਪਨਾਉਣ ਬਾਰੇ ਵਿਚਾਰ ਕੀਤਾ ਜਾ ਰਿਹੈ : ਖੁੱਡੀਆਂ

**ਚੰਡੀਗੜ੍ਹ, (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**- ਆਧੁਨਿਕ ਤਕਨਾਲੋਜੀਆਂ ਦੀ ਵਰਤੋਂ ਜ਼ਰੀਏ ਖੇਤੀਬਾੜੀ ਉਤਪਾਦਨ ਅਤੇ ਟਿਕਾਊ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਸਰਕਾਰ ਵੱਲੋਂ ਆਈ.ਆਈ.ਟੀ. ਰੋਪੜ ਵਿਖੇ ਸਥਾਪਿਤ ਸੈਂਟਰ ਆਫ਼ ਐਕਸੀਲੈਂਸ (ਸੀਓਈ) ਦੀ ਸਹਾਇਤਾ ਨਾਲ ਖੇਤੀਬਾੜੀ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਨੂੰ ਅਪਨਾਉਣ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ। ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਇੱਥੇ ਪੰਜਾਬ ਭਵਨ ਵਿਖੇ ਇੱਕ ਉੱਚ-ਪੱਧਰੀ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕੀਤੀ, ਜਿਸ ਵਿੱਚ ਖੇਤੀਬਾੜੀ ਸੈਕਟਰ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਦੇ ਨਾਲ-ਨਾਲ ਖੇਤੀਬਾੜੀ ਉਤਪਾਦਨ ਅਤੇ ਟਿਕਾਊ ਵਿਕਾਸ 'ਚ ਵਾਧੇ ਅਤੇ ਰਾਜ ਦੇ ਕਿਸਾਨਾਂ ਦੀ ਆਮਦਨ ਨੂੰ ਵਧਾਉਣ ਲਈ ਏ ਆਈ-ਅਧਾਰਤ ਹੱਲਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਅਪਨਾਉਣ ਬਾਰੇ ਰੋਡਮੈਪ ਉਲੀਕਣ ਸਬੰਧੀ ਚਰਚਾ ਕੀਤੀ ਗਈ। ਖੁੱਡੀਆਂ ਨੇ ਜ਼ੋਰ ਦੇ ਕੇ ਕਿਹਾ ਕਿ ਜ਼ਮੀਨੀ ਪੱਧਰ 'ਤੇ ਕਿਸਾਨਾਂ ਨੂੰ ਠੋਸ ਸਹਾਇਤਾ ਅਤੇ ਢੁਕਵੇਂ ਲਾਭ ਪ੍ਰਦਾਨ ਕਰਨਾ ਯਕੀਨੀ ਬਣਾਉਣ

ਲਈ ਉੱਨਤ ਤਕਨਾਲੋਜੀਆਂ ਦੀ ਵਰਤੋਂ ਕਰਨਾ ਸਮੇਂ ਦੀ ਲੋੜ ਹੈ। ਉਨ੍ਹਾਂ ਨੇ ਇਸ ਸਬੰਧੀ ਪਾਇਲਟ ਪ੍ਰੋਜੈਕਟ ਲਾਗੂ ਕਰਨ ਅਤੇ ਜ਼ਿਲ੍ਹਿਆਂ ਵਿੱਚ ਏਆਈ ਦੀ ਵਰਤੋਂ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਸਰਕਾਰ ਵੱਲੋਂ ਪੂਰਾ ਸਮਰਥਨ ਦੇਣ ਦਾ ਭਰੋਸਾ ਦਿੱਤਾ। ਉਨ੍ਹਾਂ ਨੇ ਸਬੰਧਤ ਅਧਿਕਾਰੀਆਂ ਨੂੰ ਆਟੋਮੈਟਿਕ ਵੈਦਰ (ਮੌਸਮ) ਸਟੇਸ਼ਨਾਂ ਦੀ ਸਥਾਪਨਾ, ਫੀਲਡ ਡੇਟਾ ਇਕੱਠਾ ਕਰਨ ਲਈ ਕਿਸਾਨਾਂ ਦੀ ਸ਼ਮੂਲੀਅਤ, ਬਾਗਬਾਨੀ ਕਲੱਸਟਰਾਂ ਨੂੰ ਸਹਾਇਤਾ ਅਤੇ ਏਆਈ-ਅਧਾਰਤ ਪਸ਼ੂਧਨ ਉਤਪਾਦਕਤਾ ਹੱਲਾਂ ਦੇ ਵਿਸਥਾਰ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਵੀ ਦਿੱਤੇ। ਇਸ ਮੀਟਿੰਗ ਵਿੱਚ ਖੇਤੀਬਾੜੀ ਵਿਭਾਗ ਦੇ ਸਕੱਤਰ ਸ੍ਰੀ ਅਰਸ਼ਦੀਪ ਸਿੰਘ ਥਿੰਦ, ਐਮਡੀ ਪੰਜਾਬ ਐਗਰੋ ਹਰਗੁਣਜੀਤ ਕੌਰ, ਡਾਇਰੈਕਟਰ ਖੇਤੀਬਾੜੀ ਵਿਭਾਗ ਜਸਵੰਤ ਸਿੰਘ, ਡਾਇਰੈਕਟਰ ਪਸ਼ੂ ਪਾਲਣ ਪਰਮਦੀਪ ਸਿੰਘ ਵਾਲੀਆ ਅਤੇ ਰਾਜ ਸਰਕਾਰ ਦੇ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

## ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਸਾਲ 2026 ਦਾ ਸਵਾਗਤ

**ਐੱਸ.ਏ.ਐੱਸ. ਨਗਰ, (ਗੁਰਜੀਤ ਬਿੱਲਾ)**- ਸਾਲ 2026 ਦੀ ਆਮਦ ਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਡਾ.ਅਮਰਪਾਲ ਸਿੰਘ ਦੀ ਪ੍ਰਧਾਨਗੀ ਹੇਠ ਮੁੱਖ ਦਫਤਰ ਵਿਖੇ ਸਮਾਗਮ ਕਰਵਾਇਆ ਗਿਆ। ਸਮਾਗਮ ਵਿੱਚ ਬੋਰਡ ਦੇ ਮੁਲਾਜ਼ਮ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਏ। ਮੰਚ ਦਾ ਸੰਚਾਲਨ ਸ੍ਰੀ ਜਨਕ ਰਾਜ ਮਹਿਰੋਕ ਸੰਯੁਕਤ ਸਕੱਤਰ ਵੱਲੋਂ ਕੀਤਾ ਗਿਆ ।ਚੇਅਰਮੈਨ ਡਾ. ਅਮਰਪਾਲ ਸਿੰਘ ਨੇ ਆਪਣੇ ਸੰਬੋਧਨ ਦੌਰਾਨ ਮੁਲਾਜ਼ਮਾਂ ਨੂੰ ਆਪਣੀ ਨੈਤਿਕ ਜ਼ਿਮੇਵਾਰੀ ਪਛਾਨਣ ਲਈ ਕਿਹਾ ਤਾਂ ਜੋ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਅਕਸ ਹੋਰ ਨਿਖਰ ਸਕੇ ਅਤੇ ਅਸੀਂ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਹਿੱਸਾ ਹੋਣ ਤੇ ਮਾਣ ਮਹਿਸੂਸ ਕਰੀਏ। ਉਨ੍ਹਾਂ ਇਹ ਵੀ ਕਿਹਾ ਕਿ ਸਿੰਗਲ ਵਿੰਡੋ ਤੇ ਸਮੁਚੀਆਂ ਸੇਵਾਵਾਂ ਪ੍ਰਦਾਨ ਕਰਨ ਨਾਲ ਵਿਦਿਆਰਥੀਆਂ, ਅਧਿਆਪਕਾਂ ਅਤੇ ਆਮ ਜਨਤਾ ਨੂੰ ਫਾਇਦਾ ਮਿਲਿਆ ਹੈ ਅਤੇ ਉਨ੍ਹਾਂ ਦੇ ਕੰਮ ਸੁਖਾਲੇ ਤਰੀਕੇ ਨਾਲ ਹੋ ਰਹੇ ਹਨ ।

## ਸੰਗਤ ਦਾ ਪੈਸਾ ਸਕੂਲ, ਕਾਲਜ, ਹਸਪਤਾਲ ਬਣਾਉਣ ਲਈ ਖਰਚ ਹੋਵੇ : ਸੰਤ ਨਿਰਮਲ ਦਾਸ, ਸੰਤ ਸਤਵਿੰਦਰ ਹੀਰਾ

**ਹੁਸ਼ਿਆਰਪੁਰ (ਓ ਪੀ ਰਾਣਾ)** ਆਦਿ ਧਰਮ ਮੰਡਲ ਦੇ ਬਾਨੀ ਬਾਬੂ ਮੰਗੂ ਰਾਮ ਮੁਗੋਵਾਲੀਆ ਦੇ ਜਨਮ ਦਿਨ ਅਤੇ ਨਵੇਂ ਸਾਲ ਨੂੰ ਜੀ ਆਇਆਂ ਕਹਿਣ ਲਈ ਸ੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਚਰਨਛੋਹ ਸੱਚਖੰਡ ਬੇਗਮਪੁਰਾ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਵਿਸ਼ਾਲ ਸਮਾਗਮ ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ ਦੀ ਅਗਵਾਈ ਹੇਠ ਦੇਸ਼ ਵਿਦੇਸ਼ ਦੀਆਂ ਹਜਾਰਾਂ ਸੰਗਤਾਂ ਦੇ ਇਕੱਠ ਵਲੋਂ ਬਹੁਤ ਹੀ ਸ਼ਰਧਾ ਪੂਰਵਕ ਮਨਾਏ ਗਏ। ਸਮਾਗਮ ਦੌਰਾਨ ਮਿਸ਼ਨਰੀ ਗਾਇਕਾ ਰਜਨੀ ਠਕਰਵਾਲ ਨੇ ਮਿਸ਼ਨਰੀ ਗੀਤਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਸੰਤ ਨਿਰਮਲ ਦਾਸ ਬਾਬੇਨੌੜੇ ਪ੍ਰਧਾਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਅਤੇ ਸੰਤ ਸਤਵਿੰਦਰ ਹੀਰਾ ਨੇ ਕੜਾਕੇ ਦੀ ਠੰਡ ਵਿੱਚ ਹਜਾਰਾਂ ਸੰਗਤਾਂ ਦੇ ਠਾਠਾਂ ਮਾਰਦੇ ਇਕੱਠ ਨੂੰ ਨਵੇਂ ਸਾਲ ਦੀ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਇਹ ਧਰਤੀ ਬਹੁਤ ਮਹਾਨ ਹੈ ਜਿਥੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਚਰਨ ਪਏ। ਇਹ ਸ਼ਹਿਰ ਅੱਜ ਤਕ ਸਚਮੁੱਚ ਬੇਗਮਪੁਰਾ ਬਣਿਆ ਹੋਣਾ ਚਾਹੀਦਾ ਸੀ। ਇਥੇ ਸਕੂਲ, ਕਾਲਿਜ, ਹਸਪਤਾਲ, ਯੂਨੀਵਰਸਿਟੀਆਂ

ਸਤਿਗੁਰੂ ਰਵਿਦਾਸ ਮਹਾਰਾਜ ਦੇ ਨਾਮ ਤੇ ਖੁੱਲਣੀਆਂ ਚਾਹੀਦੀਆਂ ਸਨ ਪਰ ਇਥੇ ਨਾ ਕੋਈ ਸੜਕ ਪੱਕੀ ਹੈ,ਨਾ ਕੋਈ ਪਾਣੀ ਦਾ ਪ੍ਰਬੰਧ ਹੈ । ਉਨਾਂ ਕਿਹਾ ਚਰਨਛੋਹ ਬੇਗਮਪੁਰਾ ਸੱਚਖੰਡ ਸ੍ਰੀ ਖੁਰਾਲਗੜ੍ਹ ਸਾਹਿਬ ਅਤੇ ਸ੍ਰੀ ਗੁਰੂ ਰਵਿਦਾਸ ਬੇਗਮਪੁਰਾ ਸਦਨ ਨੂੰ ਇਤਿਹਾਸਕ ਅਜੂਬਾ ਬਣਾਉਣ ਲਈ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਅਤੇ ਆਲ ਇੰਡੀਆ ਆਦਿ ਧਰਮ ਮਿਸ਼ਨ ਵੱਡੇ ਪ੍ਰੋਜੈਕਟ ਆਰੰਭ ਕਰਨਗੇ। ਉਨਾਂ ਕਿਹਾ ਸੰਗਤ ਦਾ ਦਿੱਤਾ ਹੋਇਆ ਪੈਸਾ ਸੰਗਤ ਦੀ ਭਲਾਈ ਲਈ ਖਰਚ ਕੀਤਾ ਜਾਵੇਗਾ। ਉਨ੍ਹਾਂ ਧਰਮ ਅਸਥਾਨ ਸੱਚਖੰਡ ਬੇਗਮਪੁਰਾ ਪਹੁੰਚੀਆਂ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਸੰਤ ਪਰਮਜੀਤ ਦਾਸ ਨਗਰ ਕੈਸ਼ੀਅਰ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ, ਸੰਤ ਧਰਮਪਾਲ ਸ਼ੇਰਗੜ, ਸੰਤ ਮਨਜੀਤ ਦਾਸ ਵਿਛੋਹੀ, ਸੰਤ ਧਰਮਾ ਸਿੰਘ ਚੀਮਾ ਸਾਹਿਬ, ਬਾਬਾ ਬਲਕਾਰ ਸਿੰਘ ਵਡਾਲਾ, ਪ੍ਰੀਤ ਹਰਿਆਣਾ, ਭੈਣ ਸੰਤੋਸ਼ ਕੁਮਾਰੀ ਬਿਲਡਿੰਗ ਇੰਚਾਰਜ, ਸੰਤ ਸੋਹਣ ਸਿੰਘ ਫਾਜਿਲਕਾ, ਸੰਤ ਚਰਨ ਦਾਸ ਮਾਂਗਟ, ਅਮਿਤ ਕੁਮਾਰ ਪਾਲ ਕੌਮੀ ਕੈਸ਼ੀਅਰ, ਵਰਿੰਦਰ ਬੰਗਾ ਜਨਰਲ ਸਕੱਤਰ, ਨਰਿੰਦਰਪਾਲ ਸਿੰਘ ਖੇਤਾਨ, ਜਗਸੀਰ ਸਿੰਘ ਪਾਤੜਾਂ, ਸੁਖਵੀਰ ਦੁਗਾਲ, ਪ੍ਰਚਾਰਕ ਗੁਰਜੀਤ ਸਿੰਘ ਲਹਿਰਾ, ਪ੍ਰਿੰਸ ਪਾਤੜਾਂ, ਸਤਿਗੁਰ ਗੁਰੂ, ਜਗਤਾਰ ਸਿੰਘ ਬਰਨਾਲਾ, ਭਾਈ ਪ੍ਰਗਟ ਸਿੰਘ, ਭਾਈ ਪੂਰਨ ਸਿੰਘ ਚੰਗਾਲ ਅਤੇ ਹਾਜਰ ਸੰਗਤਾਂ।

## ਵੈਦ ਬਲਜਿੰਦਰ ਰਾਮ ਖੜਕਾ ਦਾ ਚੌਥੀ ਵਾਰ ਲੋਕ ਸੇਵਾ ਐਵਾਰਡ ਨਾਲ ਵਿਸ਼ੇਸ਼ ਸਨਮਾਨ

**ਆਦਮਪੁਰ (ਪਰਮਜੀਤ ਸਿੰਘ)**- ਆਯੁਰਵੈਦਿਕ ਦੀ ਦੁਨੀਆਂ ਵਿੱਚ ਜਾਣੇ ਜਾਂਦੇ ਅਰੋਗਿਆ ਆਯੁਰਵੈਦਿਕ ਕਲੀਨਿਕ ਤੇ ਸਿਮਰਨ ਆਯੁਰਵੈਦਿਕ ਫਾਰਮੈਂਸੀ ਊਨਾ ਰੋਡ ਪਿੰਡ ਖੜਕਾ ਜਿਲ੍ਹਾ ਹੁਸ਼ਿਆਰਪੁਰ ਦੇ ਮੁੱਖ ਵੈਦ ਬਲਜਿੰਦਰ ਰਾਮ ਖੜਕਾ ਤੇ ਉਨ੍ਹਾਂ ਦੀ ਧਰਮਪਤਨੀ ਵੈਦ ਸਿਮਰਨ ਕੌਰ ਨੂੰ ਲੋਕ ਸੇਵਾ ਪ੍ਰਤੀ ਵੱਖ ਵੱਖ ਸ਼ਹਿਰਾਂ ਤੇ ਕਸਬਿਆਂ ਵਿੱਚ ਆਯੁਰਵੈਦਿਕ ਕੈਂਪ ਲਗਾ ਕੇ ਆਪਣੀਆਂ ਸੇਵਾਵਾਂ ਦੇਣ ਤੇ ਪੂਰੇ ਸਾਲ ਵਿੱਚ 58 ਆਯੁਰਵੈਦਿਕ ਕੈਂਪ ਲਗਾਉਣ ਤੇ ਧੰਨਵੰਤਰੀ ਵੈਦ ਮੰਡਲ ਵੱਲੋਂ ਲੋਕ ਸੇਵਾ ਐਵਾਰਡ ਨਾਲ ਚੋਥੀ ਵਾਰ ਉਚੇਚੇ ਤੋਰ ਤੇ ਸਨਮਾਨ ਕੀਤਾ ਹੈ। ਜਾਣਕਾਰੀ ਦਿੰਦੇ ਵੈਦ ਬਲਜਿੰਦਰ ਰਾਮ ਨੇ ਦਸਿਆ ਕਿ ਉਹ ਪਿਛਲੇ ਕਈ ਸਾਂਲਾ ਤੋਂ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਤੇ ਕਸਬਿਆਂ ਵਿੱਚ ਲੋਕ ਸੇਵਾ ਤਹਿਤ ਆਯੁਰਵੈਦ ਦੇ ਕੈਂਪ ਲਗਾ ਰਹੇ ਹਨ ਤੇ ਉਨ੍ਹਾਂ ਦੀ ਸਮੂਹ ਟੀਮ ਵੱਲੋਂ ਪੂਰੇ ਸਾਲ 2025 ਵਿੱਚ 58 ਕੈਂਪ ਲਗਾਏ ਗਏ ਹਨ। ਜਿਸ ਦੇ ਤਹਿਤ ਇਹ ਮਾਣ ਸਨਮਾਨ ਚੋਥੀ ਵਾਰ ਉਨ੍ਹਾਂ ਨੂੰ ਮਿਲਿਆ ਹੈ। ਉਨ੍ਹਾਂ ਕਿਹਾ ਇਹ ਸਨਮਾਨ ਉਨ੍ਹਾਂ ਨੂੰ ਧੰਨਵੰਤਰੀ ਵੈਦ ਮੰਡਲ ਦੇ ਪ੍ਰਧਾਨ ਵੈਦ ਸੁਮਨ ਸੂਦ, ਐਮਐਲਏ ਬ੍ਰਹਮ ਸ਼ੰਕਰ ਜਿੰਪਾ, ਡਾ. ਬਲਵਿੰਜਦਰ ਸਿੰਘ ਵਾਲੀਆ ਲੁਧਿਆਣੇ ਵਾਲੇ, ਭੈਣ ਸੰਤੋਸ਼ ਕੁਮਾਰੀ ਰਾਏਪੁਰ ਰਸੂਲਪੁਰ ਨੇ ਸੂਦ ਭਵਨ ਹੁਸ਼ਿਆਰਪੁਰ ਵਿਖੇ ਭੇਟ ਕੀਤਾ। ਵੈਦ ਬਲਜਿੰਦਰ ਰਾਮ ਨੇ ਇਹ ਐਵਾਰਡ ਮਿਲਣ ਤੇ ਸਮੂਹ ਧੰਨਵੰਤਰੀ ਵੈਦ ਮੰਡਲ ਦੇ ਮੈਂਬਰਾਂ ਤੇ ਐੱਮ ਐੱਲ ਏ ਜਿੰਪਾ ਦਾ ਧੰਨਵਾਦ ਕੀਤਾ ਹੈ।

## ਦੁੱਧ ਦੇ ਲੰਗਰ ਲਗਾਏ

**ਆਦਮਪੁਰ (ਪਰਮਜੀਤ ਸਿੰਘ)**- ਸ੍ਰੀ ਰਘੁਨਾਥ ਸ਼ਿਵ ਮੰਦਿਰ ਜੰਡੂ ਸਿੰਘਾ ਦੀਆਂ ਸਮੂਹ ਸੰਗਤਾਂ ਵੱਲੋਂ ਚਾਰੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫਤਿਹ ਸਿੰਘ ਜੀ ਨੂੰ ਯਾਦ ਕਰਦਿਆਂ ਮੇਨ ਹੁਸ਼ਿਆਰਪੁਰ ਰੋਡ ਤੇ

2 Jan Page 9.qxd 1/1/2026 10:33 PM Page 1



# ਡਿਪਟੀ ਕਮਿਸ਼ਨਰ ਵੱਲੋਂ ਗੈਰ-ਕਾਨੂੰਨੀ ਮਾਈਨਿੰਗ ਦੀ ਚੈਕਿੰਗ ਲਈ 7 ਟੀਮਾਂ ਦਾ ਗਠਨ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)**-ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਜ਼ਿਲ੍ਹੇ ਵਿੱਚ ਗੈਰ-ਕਾਨੂੰਨੀ ਮਾਈਨਿੰਗ ਦੀ ਚੈਕਿੰਗ ਲਈ ਪ੍ਰਸ਼ਾਸ਼ਨਿਕ ਤੇ ਪੁਲਿਸ ਅਧਿਕਾਰੀਆਂ ਦੀ ਸ਼ਮੂਲੀਅਤ ਵਾਲੀਆਂ 7 ਟੀਮਾਂ ਦਾ ਗਠਨ ਕੀਤਾ ਹੈ ਜੋ ਕਿ 1 ਜਨਵਰੀ 2026 ਤੋਂ ਰੋਜ਼ਾਨਾ ਚੈਕਿੰਗ ਕਰਕੇ ਉਨ੍ਹਾਂ ਨੂੰ ਨਿਯਮਿਤ ਤੌਰ 'ਤੇ ਰਿਪੋਰਟ ਦੇਣਗੀਆਂ। ਉਨ੍ਹਾਂ ਵਲੋਂ ਇਹ ਵੀ ਹਦਾਇਤ ਕੀਤੀ ਗਈ ਹੈ ਕਿ ਨਾਜਾਇਜ਼ ਮਾਇਨਿੰਗ ਸਬੰਧੀ ਕੇਸ ਦਰਜ ਕਰਵਾਉਂਦੇ ਸਮੇਂ ਗੱਡੀ ਦਾ ਨੰਬਰ, ਮਾਲਕ ਦਾ ਨਾਂਅ ਵੀ ਐੱਫ ਆਈ ਆਰ ਵਿਚ ਦਰਜ ਕੀਤਾ ਜਾਵੇ ਅਤੇ ਆਰ ਟੀ ਓ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨਾਲ ਤਾਲਮੇਲ ਕਰਕੇ ਵਰਤੇ ਜਾਣ ਵਾਲੇ ਟਿੱਪਰ, ਜੇ ਸੀ ਵੀ, ਪੋਕਲੇਨ, ਟਰੈਕਟਰ ਟਰਾਲੀ ਆਦਿ ਦੇ ਵੇਰਵੇ ਡਾਟਾਬੇਸ ਵਿਚ ਲੈ ਲਏ ਜਾਣ।ਇਨ੍ਹਾਂ ਟੀਮਾਂ ਵਿੱਚੋਂ 3 ਸਬ ਡਵੀਜ਼ਨ ਖਰੜ, 3 ਸਬ ਡਵੀਜਨ ਡੇਰਾਬਸੀ, 1 ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿੱਚ ਸਰਗਰਮ ਰਹਿਣਗੀਆਂ।ਸਬ ਡਵੀਜ਼ਨ ਖਰੜ ਵਿੱਚ ਬਣਾਈਆਂ ਗਈਆਂ ਟੀਮਾਂ ਵਿੱਚ (ਟੀ ਪੁਆਇੰਟ ਮਾਜਰੀ) ਹਿਤੇਸ਼ ਕੌਸ਼ਲ, ਜੇ.ਈ.-ਕਮ-ਮਾਇਨਿੰਗ, ਇੰਸਪੈਕਟਰ ਮੋਹਾਲੀ, ਬਲਵਿੰਦਰ ਸਿੰਘ ਫਾਰੈਸਟ ਗਾਰਡ ਮੋਹਾਲੀ, ਏ ਐੱਸ ਆਈ ਜਸਵਿੰਦਰ ਸਿੰਘ, ਸਾਹਿਬਜਾਦਾ ਅਜੀਤ ਸਿੰਘ ਨਗਰ, ਹੈਡ ਕਾਂਸਟੇਬਲ ਮਨੋਜ ਸੈਣੀ , ਸਾਹਿਬਜਾਦਾ ਅਜੀਤ ਸਿੰਘ ਨਗਰ, ਮਨਜੀਤ ਸਿੰਘ ਬਲਾਕ ਅਫਸਰ, ਦਫਤਰ ਵਣ ਮੰਡਲ, ਪੰਕਜ ਜਿੰਦਲ ਜੇ.ਈ-ਕਮ-ਮਾਇਨਿੰਗ ਇੰਸਪੈਕਟਰ, ਮਾਇਨਿੰਗ ਵਿਭਾਗ, ਐੱਸ ਆਰ ਸੀ ਟੀ ਗੁਰਸੋਧ ਸਿੰਘ , ਸਾਹਿਬਜਾਦਾ ਅਜੀਤ ਸਿੰਘ ਨਗਰ, ਸੀ ਟੀ ਸਿਮਰਨਜੀਤ ਸਿੰਘ , ਐੱਸ ਏ ਐੱਸ ਨਗਰ ਸ਼ਾਮਿਲ ਹਨ। ਟੀਮ ਨੰ. 2 ਵਿੱਚ (ਟੀ ਪੁਆਇੰਟ ਸਿਸਵਾਂ ਮਾਜਰਾ) ਦੀਪਕ ਸ਼ਰਮਾ ਜੇ.ਈ.-ਕਮ-ਮਾਇਨਿੰਗ, ਇੰਸਪੈਕਟਰ ਸਾਹਿਬਜਾਦਾ ਅਜੀਤ ਸਿੰਘ ਨਗਰ, ਸੰਦੀਪ ਗਰੋਵਰ, ਏ.ਈ, ਦਫਤਰ ਕਾਰਜਕਾਰੀ ਇੰਜਨੀਅਰ, ਸੁਰਿੰਦਰ ਕੁਮਾਰ, ਬਲਾਕ ਅਫਸਰ, ਵਣ ਮੰਡਲ, ਏ.ਐਸ.ਆਈ./ਐਲ.ਆਰ. ਰਾਜਿੰਦਰ ਸਿੰਘ ਸਾਹਿਬਜਾਦਾ ਅਜੀਤ ਸਿੰਘ ਨਗਰ, ਸੀ.ਟੀ. ਪਰਮਿੰਦਰ ਸਿੰਘ ਸਾਹਿਬਜਾਦਾ ਅਜੀਤ ਸਿੰਘ ਨਗਰ, ਕੁਲਦੀਪ ਸਿੰਘ, ਵਣ ਰੇਂਜ ਸਾਹਿਬਜਾਦਾ ਅਜੀਤ ਸਿੰਘ ਨਗਰ, ਵਣ ਮੰਡਲ ਅਫਸਰ, ਕੁਮਾਰ ਗੌਰਵ, ਜੇ.ਈ ਦਫਤਰ ਕਾਰਜਕਾਰੀ ਇੰਜੀਨੀਅਰ ਨੈਸ਼ਨਲ ਹਾਈਵੇ ਮੰਡਲ, ਸਾਹਿਬਜਾਦਾ ਅਜੀਤ ਸਿੰਘ ਨਗਰ, ਏ.ਐਸ.ਆਈ./ਐਲ.ਆਰ ਕਰਮ ਚੰਦ, ਸਾਹਿਬਜਾਦਾ ਅਜੀਤ ਸਿੰਘ ਨਗਰ, ਸੀ.ਟੀ. ਅਰਮਾਨ ਸਾਹਿਬਜਾਦਾ ਅਜੀਤ ਸਿੰਘ ਨਗਰ, ਸੀ.ਟੀ. ਸੰਦੀਪ ਕੁਮਾਰ ਐੱਸ ਏ ਐੱਸ ਨਗਰ ਸ਼ਾਮਿਲ ਹਨ।ਟੀਮ ਨੰ. 3 ਵਿੱਚ (ਸੂੰਕ ਏਰੀਆ) ਸ੍ਰੀ ਸੁਭਮ ਗੋਇਲ, ਉਪ ਮੰਡਲ ਅਫਸਰ, ਦਫਤਰ ਉਪ ਮੰਡਲ ਐਸ.ਏ.ਐਸ.ਨਗਰ ਜਲ ਨਿਕਾਸ ਕਮ-ਮਾਇਨਿੰਗ ਅਫਸਰ ਅਤੇ ਜਿਓਲੋਜੀ ਮੰਡਲ, ਮੋਹਾਲੀ, ਤੇਜਪਾਲ ਸਿੰਘ, ਏ ਈ ਉਪ ਮੰਡਲ ਨੰਬਰ, 3 ਸਾਹਿਬਜਾਦਾ ਅਜੀਤ ਸਿੰਘ ਨਗਰ ਲੋਕ ਨਿਰਮਾਣ ਵਿਭਾਗ ਭ ਤੇ ਮ ਸ਼ਾਖਾ, ਜਗਮੀਤ ਬਰਾੜ, ਜੇ.ਈ. ਉਪ ਮੰਡਲ ਨੰਬਰ, 3 ਸਾਹਿਬਜਾਦਾ ਅਜੀਤ ਸਿੰਘ ਨਗਰ ਲੋਕ ਨਿਰਮਾਣ ਵਿਭਾਗ ਭ ਤੇ ਮ ਸ਼ਾਖਾ, ਸੀ.ਟੀ. ਰਣਜੀਤ ਸਿੰਘ ਸਾਹਿਬਜਾਦਾ ਅਜੀਤ ਸਿੰਘ ਨਗਰ, ਸੀ.ਟੀ. ਗੁਰਵਿੰਦਰ ਸਿੰਘ ਐਸ ਏ ਐਸ ਨਗਰ ਸ਼ਾਮਿਲ ਹਨ।

ਸਬ ਡਵੀਜ਼ਨ ਡੇਰਾਬਸੀ (ਮੁਬਾਰਕਪੁਰ ਚੌਕੀ ਸੁੰਡਰਾਂ ਰੋਡ ਮੁਬਾਰਕਪੁਰ) ਲਈ ਬਣਾਈ ਗਈ ਟੀਮ ਨੰ. 4 ਜਿਸ ਵਿੱਚ ਰਾਜਿੰਦਰ ਕੁਮਾਰ, ਉਪ ਮੰਡਲ ਅਫਸਰ,ਦਫਤਰ ਉਪ ਮੰਡਲ ਐੱਸ ਏ ਐੱਸ. ਨਗਰ ਜਲ ਨਿਕਾਸ ਕਮ-ਮਾਇਨਿੰਗ ਅਤੇ ਜਿਓਲੋਜੀ ਮੰਡਲ, ਮੋਹਾਲੀ, ਸ੍ਰੀ ਕਰਮਜੀਤ ਸਿੰਘ ਉਪ ਮੰਡਲ ਇੰਜੀਨੀਅਰ ਜ਼ਸਸ ਉਪ ਮੰਡਲ ਡੇਰਾਬਸੀ, ਦਫਤਰ ਕਾਰਜਕਾਰੀ ਇੰਜੀਨੀਅਰ,ਜਲ ਸਪਲਾਈ ਅਤੇ ਸੈਨੀਟੇਸ਼ਨ ਮੰਡਲ ਨੰ: 3, ਐਸ.ਏ.ਐਸ.ਨਗਰ, ਐਚ.ਸੀ (ਪੀ.ਆਰ.) ਬਲਵੀਰ ਸਿੰਘ ਸਾਹਿਬਜਾਦਾ ਅਜੀਤ ਸਿੰਘ ਨਗਰ, ਐਸ.ਆਰ.ਸੀ.ਟੀ. ਅਮਰਜੀਤ ਸਿੰਘ , ਸਾਹਿਬਜਾਦਾ ਅਜੀਤ ਸਿੰਘ ਨਗਰ, ਏ.ਐਸ.ਆਈ. ਐਲ.ਆਰ. ਗੁਰਨਾਮ ਸਿੰਘ, ਸਾਹਿਬਜਾਦਾ ਅਜੀਤ ਸਿੰਘ ਨਗਰ, ਹੈਡ ਕਾਂਸਟੇਬਲ ਅਸ਼ੋਕ ਕੁਮਾਰ 594, ਐਸ ਏ ਐਸ ਨਗਰ, ਸ਼ਾਮਿਲ ਹਨ।ਟੀਮ ਨੰ: 5 ਥਾਣਾ ਲਾਲੜੂ (ਆਈ.ਟੀ.ਆਈ ਚੌਕ ਲਾਲੜੂ) ਇਸ ਟੀਮ ਵਿਚ ਸ੍ਰੀ ਅਪਿੰਦਰਜੀਤ ਸਿੰਘ ਜੂਨੀਅਰ ਇੰਜੀਨੀਅਰ, ਦਫਤਰ ਕਾਰਜਕਾਰੀ ਇੰਜੀਨੀਅਰ ਕੇਂਦਰੀ ਕਾਰਜ ਮੰਡਲ, ਸਾਹਿਬਜਾਦਾ ਅਜੀਤ ਸਿੰਘ ਨਗਰ, ਸ੍ਰੀ ਜੈ ਸਿੰਘ ਬਲਾਕ ਅਫਸਰ, ਦਫਤਰ ਵਣ ਮੰਡਲ ਸਾਹਿਬਜਾਦਾ ਅਜੀਤ ਸਿੰਘ ਨਗਰ, ਏ.ਐਸ.ਆਈ./ਐਲ.ਆਰ. ਮਲਕੀਤ ਸਿੰਘ 264, ਐਸ ਏ ਐਸ ਨਗਰ ਸ਼ਾਮਿਲ ਹਨ।ਟੀਮ ਨੰ 6 ਥਾਣਾ ਹੰਡੇਸਰਾਂ (ਬੱਸ ਸਟੈਂਡ ਹੰਡੇਸਰਾਂ) ਰੇਸ਼ਮ ਸਿੰਘ, ਵਣ ਗਾਰਡ ਦਫਤਰ ਵਣ ਮੰਡਲ ਅਫਸਰ, ਸਾਹਿਬਜਾਦਾ ਅਜੀਤ ਸਿੰਘ ਨਗਰ, ਸ੍ਰੀ ਤਪੇਸ਼ਵਰ ਕਾਲਰਾ ਜੇ.ਈ.-ਕਮ-ਮਾਇਨਿੰਗ ਇੰਸਪੈਕਟਰ, ਦਫਤਰ ਉਪ ਮੰਡਲ ਜਲ ਨਿਕਾਸ ਕਮ ਮਾਈਨਿੰਗ ਅਤੇ ਜਿਓਲੋਜੀ ਮੰਡਲ, ਸਾਹਿਬਜਾਦਾ ਅਜੀਤ ਸਿੰਘ ਨਗਰ, ਏ.ਐਸ.ਆਈ/ਐਲ.ਆਰ. ਓਮ ਪ੍ਰਕਾਸ਼, ਸਾਹਿਬਜਾਦਾ ਅਜੀਤ ਸਿੰਘ ਨਗਰ, ਸੀ.ਟੀ. ਪ੍ਰਭਜੀਤ ਸਿੰਘ , ਐਸ ਏ ਐਸ ਨਗਰ ਸ਼ਾਮਿਲ ਹਨ।

ਟੀਮ ਨੰ. 7 ਸਬ ਡਵੀਜ਼ਨ ਮੋਹਾਲੀ (ਕਰਾਸਿੰਗ ਬਨੂੜ-ਤੇਪਲਾ ਰੋਡ, ਜ਼ੀਰਕਪੁਰ-ਪਟਿਆਲਾ ਰੋਡ) ਨਿਖਿਲ ਵਰਮਾ ਜੇ.ਈ.-ਕਮ-ਮਾਇਨਿੰਗ ਇੰਸਪੈਕਟਰ ਬਨੂੰੜ, ਸ੍ਰੀ ਅਮ੍ਰਿਤ ਪਾਲ ਸਿੰਘ ਉਪ ਮੰਡਲ ਇੰਜੀਨੀਅਰ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਡਲ ਨੰ: 1, ਏ.ਐਸ.ਆਈ/ਐਲ.ਆਰ ਬਲਵਿੰਦਰ ਸਿੰਘ 351 ਸਾਹਿਬਜਾਦਾ ਅਜੀਤ ਸਿੰਘ ਨਗਰ, ਸੀ.ਟੀ. ਗੁਰਦੀਪ ਸਿੰਘ, ਐਸ ਏ ਐਸ ਨਗਰ, ਸ਼ਾਮਿਲ ਹਨ।

# ਵਿੰਟਰ ਕਲੋਜ਼ਟ ਦਾ ਸ਼ਾਨਦਾਰ ਆਯੋਜਨ

**ਜਲੰਧਰ (ਸ਼ੈਲੀ ਐਲਬਰਟ)**- ਸੀ ਟੀ ਗਰੁੱਪ ਆਫ ਇੰਸਟੀਟਿਊਸ਼ਨਜ਼ ਨੇ ਆਪਣੇ ਨਾਰਥ ਕੈਂਪਸ, ਮਕਸੂਦਾਂ ਅਤੇ ਸਾਊਥ ਕੈਂਪਸ, ਸ਼ਾਹਪੁਰ ਵਿੱਚ ਵਿੰਟਰ ਕਲੋਜ਼ਟ 2025 ਦਾ ਸਫਲ ਆਯੋਜਨ ਕਰਕੇ ਫੈਸ਼ਨ, ਆਤਮ-ਵਿਸ਼ਵਾਸ ਅਤੇ ਸਾਂਝ ਦਾ ਰੰਗੀਨ ਜਸ਼ਨ ਮਨਾਇਆ। ਇਹ ਸਮਾਗਮ ਸੀ ਟੀ ਗਰੁੱਪ ਦੀ ਸਮੁੱਚੇ ਵਿਕਾਸ, ਕੰਮਕਾਜੀ ਖੁਸ਼ਹਾਲੀ ਅਤੇ ਰਚਨਾਤਮਕ ਆਤਮ-ਅਭਿਵਿਅਕਤੀ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ। 'ਕੋਰਪੋਰੇਟ ਐਲੀਗੈਂਸ ਅਤੇ ਵਿੰਟਰ ਸਟਾਈਲਿੰਗ' ਥੀਮ ਹੇਠ ਹੋਏ ਇਸ ਪ੍ਰੋਗਰਾਮ ਨੇ ਅਧਿਆਪਕ ਅਤੇ ਗੈਰ-ਅਧਿਆਪਕ ਸਟਾਫ ਦੇ ਨਾਲ ਨਾਲ ਵੱਖ-ਵੱਖ ਸੰਸਥਾਵਾਂ ਦੇ ਭਾਗੀਦਾਰਾਂ ਨੂੰ ਇੱਕ ਸਾਂਝੇ ਮੰਚ 'ਤੇ ਜੋੜਿਆ।ਨਾਰਥ ਕੈਂਪਸ ਵਿੱਚ ਵਿੰਟਰ ਕਲੋਜ਼ਟ ਨੂੰ ਖਾਸ ਤੌਰ 'ਤੇ ਅਧਿਆਪਕ ਅਤੇ ਗੈਰ-ਅਧਿਆਪਕ ਸਟਾਫ ਲਈ ਇਕ ਮਨੋਰੰਜਕ ਅਤੇ ਤਾਜ਼ਗੀ ਭਰਾ ਉਪਰਾਲਾ ਵਜੋਂ ਆਯੋਜਿਤ ਕੀਤਾ ਗਿਆ, ਜਿਸ ਦਾ ਮਕਸਦ ਰੋਜ਼ਾਨਾ ਪੇਸ਼ੇਵਰ ਭੂਮਿਕਾਵਾਂ ਤੋਂ ਉਪਰ ਉੱਠ ਕੇ ਆਪਸੀ ਸਾਂਝ ਨੂੰ ਮਜ਼ਬੂਤ ਕਰਨਾ ਸੀ। ਵੱਖ-ਵੱਖ ਵਿਭਾਗਾਂ ਦੇ ਫੈਕਲਟੀ ਅਤੇ ਸਟਾਫ ਮੈਂਬਰਾਂ ਨੇ ਜੋਸ਼ ਅਤੇ ਆਤਮ-ਵਿਸ਼ਵਾਸ ਨਾਲ ਰੈਂਪ ਵਾਕ ਵਿੱਚ ਭਾਗ

ਲਿਆ ਅਤੇ ਆਪਣੀ ਵਿੰਟਰ ਫੈਸ਼ਨ ਨੂੰ ਰਚਨਾਤਮਕ ਢੰਗ ਨਾਲ ਪੇਸ਼ ਕੀਤਾ। ਸੰਗੀਤ, ਤਾਲੀਆਂ ਅਤੇ ਖੁਸ਼ਮਿਜ਼ਾਜ ਮਾਹੌਲ ਨੇ ਪੂਰੇ ਕੈਂਪਸ ਨੂੰ ਏਕਤਾ, ਟੀਮ ਸਪਿਰਿਟ ਅਤੇ ਸਕਾਰਾਤਮਕ ਊਰਜਾ ਨਾਲ ਭਰ ਦਿੱਤਾ।ਇਸ ਦੇ ਨਾਲ ਹੀ, ਸੀਟੀ ਗਰੁੱਪ ਦੇ ਡਿਵੀਜ਼ਨ ਆਫ ਸਟੂਡੈਂਟ ਵੈਲਫੇਅਰ ਵੱਲੋਂ ਸਾਊਥ ਕੈਂਪਸ, ਸ਼ਾਹਪੁਰ ਵਿੱਚ ਵਿੰਟਰ ਕਲੋਜ਼ਟ 2025 ਨੂੰ ਇੱਕ ਪ੍ਰਤਿਸ਼ਠਿਤ ਇੰਟਰ-ਇੰਸਟੀਟਿਊਟ ਅਤੇ ਇੰਟਰ-ਡਿਵੀਜ਼ਨ ਮੁਕਾਬਲੇ ਦੇ ਰੂਪ ਵਿੱਚ ਆਯੋਜਿਤ ਕੀਤਾ ਗਿਆ। 'ਫੈਸ਼ਨ ਫਿਟ ਪ੍ਰੋ' ਦਾ ਖਿਤਾਬ ਮਿਸ ਰਿਤਿਕਾ, ਅਸਿਸਟੈਂਟ ਪ੍ਰੋਫੈਸਰ, ਸੀ ਟੀ ਆਈ ਪੀ ਸੀ ਨੂੰ ਅਤੇ 'ਸਟੇਜ ਕਾਨਫਿਡੈਂਸ ਆਈਕਾਨ' ਦਾ ਸਨਮਾਨ ਮਿਸ ਲਵਪ੍ਰੀਤ ਕੌਰ, ਅਸਿਸਟੈਂਟ ਪ੍ਰੋਫੈਸਰ, ਸੀ ਟੀ ਆਈ ਪੀ ਐਸ ਨੂੰ ਪ੍ਰਾਪਤ ਹੋਇਆ। ਮੁਕਾਬਲੇ ਵਿੱਚ ਬਤੌਰ ਜੱਜ ਲੇਬਲ ਸੁਰਭੀ ਚਤਰਥ ਦੀ ਸੰਸਥਾਪਕ ਮਿਸ ਸੁਰਭੀ ਚਤਰਥ ਅਤੇ ਲੇਬਲ ਚਿਤਵਨ ਡਿਜ਼ਾਈਨਜ਼ ਦੀ ਡਿਜ਼ਾਈਨਰ ਅਤੇ ਕ੍ਰੀਏਟਿਵ ਡਾਇਰੈਕਟਰ ਮਿਸ ਚਿਤਵਨ ਕੇ. ਸ਼ਾਮਲ ਸਨ, ਜਿਨ੍ਹਾਂ ਨੇ ਭਾਗੀਦਾਰਾਂ ਦੀ ਸਟਾਈਲਿੰਗ, ਆਤਮ-ਵਿਸ਼ਵਾਸ ਅਤੇ ਪੇਸ਼ੇਵਰ ਪ੍ਰਸਤੁਤੀ ਦੀ ਖੁਲ੍ਹ ਕੇ ਪ੍ਰਸ਼ੰਸਾ ਕੀਤੀ।ਇਸ ਸਮਾਗਮ ਦੀ ਸ਼ੋਭਾ ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ, ਕੈਂਪਸ ਡਾਇਰੈਕਟਰ ਡਾ. ਸ਼ਿਵ ਕੁਮਾਰ, ਡਾਇਰੈਕਟਰ ਅਕੈਡਮਿਕ ਓਪਰੇਸ਼ਨਜ਼ ਡਾ. ਸੰਗਰਾਮ ਸਿੰਘ, ਡੀਨ ਡਾ. ਅਰਜਨ ਸਿੰਘ ਸਮੇਤ ਦੋਵੇਂ ਕੈਂਪਸਾਂ ਦੇ ਸਾਰੇ ਹੈਡਜ਼ ਆਫ ਇੰਸਟੀਟਿਊਸ਼ਨ, ਫੈਕਲਟੀ ਅਤੇ ਸਟਾਫ ਮੈਂਬਰਾਂ ਦੀਮੌਜੂਦਗੀ ਨਾਲ ਹੋਰ ਵਧ ਗਈ।

# ਜਲੰਧਰ ਨੇ 2025 'ਚ ਵਧੀਆ ਪ੍ਰਸ਼ਾਸਨ ਤੇ ਵਿਕਾਸ 'ਚ ਪੁੱਟੀਆਂ ਨਵੀਆਂ ਪੁਲਾਂਘਾਂ

**ਜਲੰਧਰ (ਰਾਜੇਸ਼ ਥਾਪਾ, ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀਆਂ ਲੋਕ-ਪੱਖੀ ਪਹਿਲਕਦਮੀਆਂ ਦੇ ਨਤੀਜੇ ਵਜੋਂ ਸਾਲ 2025 ਜਲੰਧਰ ਜ਼ਿਲ੍ਹੇ ਲਈ ਇੱਕ ਮੀਲ ਪੱਥਰ ਸਾਬਤ ਹੋਇਆ, ਜਿਸ ਵਿੱਚ

**● 2026 'ਚ ਪੂਰੇ ਹੋਣਗੇ ਕਈ ਵੱਡੇ ਪ੍ਰਾਜੈਕਟ**

ਬੁਨਿਆਦੀ ਢਾਂਚੇ ਦੇ ਵਿਕਾਸ, ਪ੍ਰਸ਼ਾਸਨਿਕ ਸੁਧਾਰਾਂ, ਸਮਾਜ ਭਲਾਈ, ਸਿਹਤ, ਸਿੱਖਿਆ, ਖੇਡਾਂ ਅਤੇ ਆਫ਼ਤ ਪ੍ਰਬੰਧਨ ਵਿੱਚ ਮਹੱਤਵਪੂਰਣ ਪ੍ਰਾਪਤੀਆਂ ਹਾਸਲ ਹੋਈਆਂ। ਪੰਜਾਬ ਸਰਕਾਰ ਨੇ ਅਜਿਹੀਆਂ ਜ਼ਿਕਰਯੋਗ ਉਪਲਬਧੀਆਂ ਹਾਸਲ ਕੀਤੀਆਂ, ਜਿਨ੍ਹਾਂ ਨੇ ਨਾਗਰਿਕਾਂ ਦੇ ਜੀਵਨ ਨੂੰ ਸਿੱਧੇ ਤੌਰ 'ਤੇ ਪ੍ਰਭਾਵਿਤ ਕੀਤਾ ਅਤੇ ਆਉਣ ਵਾਲੇ ਸਾਲਾਂ ਵਿੱਚ ਨਿਰੰਤਰ ਵਿਕਾਸ ਲਈ ਇੱਕ ਮਜ਼ਬੂਤ ਨੀਂਹ ਰੱਖੀ ।ਜਿਵੇਂ ਜਿਵੇਂ ਜ਼ਿਲ੍ਹਾ 2026 ਵਿੱਚ ਪ੍ਰਵੇਸ਼ ਕਰਨ ਦੀ ਤਿਆਰੀ ਕਰ ਰਿਹਾ ਹੈ, ਪ੍ਰਸ਼ਾਸਨ ਵੱਲੋਂ ਬੁਨਿਆਦੀ ਢਾਂਚੇ ਸਬੰਧੀ ਮੈਗਾ ਪ੍ਰਾਜੈਕਟਾਂ ਨੂੰ ਮੁਕੰਮਲ ਕਰਨ ਅਤੇ ਸੰਪਰਕ ਨੂੰ ਮਜ਼ਬੂਤ ਕਰਨ 'ਤੇ ਵਿਸ਼ੇਸ਼ ਧਿਆਨ ਦਿੰਦੇ ਹੋਏ ਸਪੱਸ਼ਟ ਤਰਜੀਹਾਂ ਨਿਰਧਾਰਤ ਕੀਤੀਆਂ ਗਈਆਂ ਹਨ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਆਉਣ ਵਾਲੇ ਸਾਲ ਵਿੱਚ ਪੰਜਾਬ ਸਰਕਾਰ ਦੇ ਨਵੇਂ ਉਪਰਾਲਿਆਂ ਬਾਰੇ ਜਾਣਕਾਰੀ ਦਿੱਤੀ, ਜੋ ਜ਼ਿਲ੍ਹੇ ਦੇ ਸਰਵਪੱਖੀ ਵਿਕਾਸ ਨੂੰ ਹੁਲਾਰਾ ਦੇਣਗੇ। 66 ਆਮ ਆਦਮੀ ਕਲੀਨਿਕਾਂ ਦੇ ਮਾਧਿਅਮ ਨਾਲ ਸਿਹਤ ਸੇਵਾਵਾਂ ਪ੍ਰਦਾਨ ਕਰਨ ਨੂੰ ਹੋਰ ਮਜ਼ਬੂਤ ਕੀਤਾ ਗਿਆ ਅਤੇ ਸਾਲ ਦੌਰਾਨ 11,29,024 ਓ ਪੀ ਡੀ ਦਰਜ ਕੀਤੀ ਗਈ

ਅਤੇ 5,49,407 ਲੈਬੋਰੇਟਰੀ ਟੈਸਟ ਕੀਤੇ, ਜਿਸ ਨਾਲ ਜ਼ਮੀਨੀ ਪੱਧਰ 'ਤੇ ਗੁਣਵੱਤਾਪੂਰਣ ਸਿਹਤ ਸੰਭਾਲ ਪਹੁੰਚਯੋਗ ਬਣੀ।ਨਸ਼ਿਆਂ ਖਿਲਾਫ਼ ਲੜਾਈ ਵਿੱਚ ਜ਼ਿਲ੍ਹੇ ਨੇ ਮਾਡਲ ਨਸ਼ਾ ਛੁਡਾਊ-ਕਮ-ਮੁੜ ਵਸੇਬਾ ਕੇਂਦਰ ਨੂੰ ਅਪਗ੍ਰੇਡ ਕਰਕੇ ਆਪਣੇ ਬੁਨਿਆਦੀ ਢਾਂਚੇ ਦਾ ਵਿਸਥਾਰ ਕੀਤਾ। 20 ਨਵੇਂ ਬੈੱਡ ਸ਼ਾਮਲ ਕਰਨ ਨਾਲ ਕੇਂਦਰ ਵਿੱਚ ਮੁੜ ਵਸੇਬਾ ਸਮਰੱਥਾ 40 ਬੈੱਡਾਂ ਦੀ ਹੋ ਗਈ ਹੈ। ਸੂਬੇ ਦੀ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਇਸ ਕੇਂਦਰ ਨਾਲ ਜੁੜੇ ਹੁਨਰ ਵਿਕਾਸ ਕੇਂਦਰ ਨੂੰ ਕੰਪਿਊਟਰ ਅਤੇ ਇਲੈਕਟ੍ਰੀਕਲ ਲੈਬਜ਼, ਕਿੱਤਾਮੁਖੀ ਕੋਰਸਾਂ, ਇੱਕ ਆਧੁਨਿਕ ਜਿੰਮ, ਲਾਇਬ੍ਰੇਰੀ ਅਤੇ ਕਾਨਫਰੰਸ ਹਾਲ ਨਾਲ ਆਧੁਨਿਕ ਬਣਾਇਆ ਗਿਆ ਹੈ। ਸ਼ੇਖੇ ਪਿੰਡ ਵਿਖੇ ਸਥਿਤ ਇਸ ਅਤਿ ਆਧੁਨਿਕ ਨਸ਼ਾ ਛੁਡਾਊ ਕੇਂਦਰ ਦਾ ਉਦਘਾਟਨ ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਕੀਤਾ ਗਿਆ ਸੀ। 2025 ਵਿੱਚ, ਜਲੰਧਰ ਨੇ ਹੜ੍ਹਾਂ ਨਾਲ ਨਜਿੱਠਣ ਦੀ ਤਿਆਰੀ ਵਿੱਚ ਮਿਸਾਲ ਕਾਇਮ ਕੀਤੀ। ਪੰਜਾਬ ਸਰਕਾਰ ਦੇ ਨਿਰਦੇਸ਼ਾਂ ਤੇ ਜ਼ਿਲ੍ਹਾ ਪ੍ਰਸ਼ਾਸਨ ਨੇ ਪਹਿਲਾਂ ਹੀ ਸੰਵੇਦਨਸ਼ੀਲ ਬੰਨ੍ਹਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਮਜ਼ਬੂਤ ਕੀਤਾ। ਨਾਗਰਿਕ-ਕੇਂਦਰਿਤ ਸੇਵਾਵਾਂ ਪ੍ਰਸ਼ਾਸਕੀ ਤਰਜੀਹਾਂ ਦਾ ਕੇਂਦਰ ਰਹੀਆਂ। 2025 ਦੌਰਾਨ ਜ਼ਿਲ੍ਹੇ ਭਰ ਵਿੱਚ ਸੇਵਾ ਕੇਂਦਰਾਂ ਰਾਹੀਂ 3,75,598 ਅਰਜ਼ੀਆਂ ਦਾ ਨਿਪਟਾਰਾ ਕੀਤਾ ਗਿਆ, ਜੋ ਸੇਵਾਵਾਂ ਪ੍ਰਦਾਨ ਕਰਨ ਵਿੱਚ ਪ੍ਰਸ਼ਾਸਨ ਦੀ ਕੁਸ਼ਲਤਾ ਅਤੇ ਜਵਾਬਦੇਹੀ ਨੂੰ ਦਰਸਾਉਂਦਾ ਹੈ। ਐਕਸ਼ਨ ਹੈਲਪਲਾਈਨ 9646222555 ਦੀ ਸ਼ੁਰੂਆਤ ਨਾਲ ਨਾਗਰਿਕਾਂ ਨੂੰ ਰੋਜ਼ਾਨਾ ਦੇ ਮੁੱਦਿਆਂ ਨੂੰ ਤੁਰੰਤ ਹੱਲ ਕਰਨ ਵਿੱਚ ਸਹਾਇਤਾ ਪ੍ਰਦਾਨ ਕਰਕੇ ਸ਼ਿਕਾਇਤ ਨਿਵਾਰਣ ਨੂੰ ਹੋਰ ਮਜ਼ਬੂਤੀ ਮਿਲੀ। ਨੌਜਵਾਨਾਂ ਨੂੰ ਸਸ਼ਕਤ ਬਣਾਉਣ 'ਤੇ ਵੱਡਾ ਜ਼ੋਰ ਰਿਹਾ। ਸਾਲ ਦੌਰਾਨ ਲਗਭਗ 42 ਪਲੇਸਮੈਂਟ ਕੈਂਪ ਲਗਾਏ ਗਏ, ਜਿਸ ਨਾਲ 4,682 ਨੌਜਵਾਨਾਂ ਨੂੰ ਰੋਜ਼ਗਾਰ ਪ੍ਰਾਪਤ ਹੋਇਆ। ਜੁਲਾਈ 2025 ਤੋਂ ਆਦਮਪੁਰ ਸਿਵਲ ਹਵਾਈ ਅੱਡੇ ਤੋਂ ਮੁੰਬਈ ਲਈ ਸਿੱਧੀਆਂ ਉਡਾਣਾ

1-JAN-PAGE-10.qxd 1/1/2026 10:24 PM Page 1



## ਸ਼ਹੀਦ ਭਗਤ ਸਿੰਘ ਕਾਲਜ ਆਫ਼ ਨਰਸਿੰਗ ਦਾ ਨਤੀਜਾ ਸ਼ਾਨਦਾਰ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਸ਼ਹੀਦ ਭਗਤ ਸਿੰਘ ਕਾਲਜ ਆਫ਼ ਨਰਸਿੰਗ ਫ਼ਿਰੋਜ਼ਪੁਰ ਲਈ ਇਹ ਗੌਰਵ ਦਾ ਪਲ ਹੈ ਕਿ ਕਾਲਜ ਦੇ ਬੀਐੱਸਸੀ ਨਰਸਿੰਗ (2024-28) ਫਸਟ ਸਮੈਸਟਰ ਦੇ ਵਿਦਿਆਰਥੀਆਂ ਦਾ ਨਤੀਜਾ ਸ਼ਾਨਦਾਰ ਰਿਹਾ ਹੈ। ਕਾਲਜ ਦੇ ਸਾਰੇ ਵਿਦਿਆਰਥੀਆਂ ਨੇ ਪ੍ਰੀਖਿਆ ਵਿਚ ਕਾਮਯਾਬੀ ਹਾਸਲ ਕਰਕੇ ਸੰਸਥਾ ਦਾ ਨਾਂਅ ਰੌਸ਼ਨ ਕੀਤਾ ਹੈ, ਜਿਸ ਵਿੱਚ ਹਰਮਨਦੀਪ ਕੌਰ ਸਪੁੱਤਰੀ ਕਿਰਪਾਲ ਸਿੰਘ ਤੇ ਸ਼ਰਨਦੀਪ ਕੌਰ ਸਪੁੱਤਰੀ ਸਰਵਨ ਸਿੰਘ ਨੇ ਪਹਿਲਾ ਸਥਾਨ ਹਾਸਲ ਕੀਤਾ। ਧਰਮਪਾਲ ਬਾਂਸਲ (ਸੰਸਥਾਪਕ ਭਗਤੀ ਭਜਨ ਗਰੁੱਪ, ਹਾਰਮਨੀ ਵਨਿਅਮ, ਹਾਰਮਨੀ ਆਯੂਰਵੈਦਿਕ ਕਾਲਜ ਤੇ ਸ਼ਹੀਦ ਭਗਤ ਸਿੰਘ ਕਾਲਜ ਆਫ ਨਰਸਿੰਗ) ਵੱਲੋਂ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਗਿਆ ਕਿ ਪੜ੍ਹਾਈ ਮਨੁੱਖ ਦਾ ਤੀਸਰਾ ਨੇਤਰ ਹੈ। ਉਨ੍ਹਾਂ ਵੱਲੋਂ ਵਿਦਿਆਰਥੀਆਂ ਤੇ ਸਟਾਫ਼ ਨੂੰ ਸ਼ਾਨਦਾਰ ਨਤੀਜੇ ਲਈ ਵਧਾਈ ਦਿੱਤੀ ਅਤੇ ਕਿਹਾ ਕਿ ਕਾਲਜ ਦਾ ਮੁੱਖ ਉਦੇਸ਼ ਸਮਾਜ ਨੂੰ ਯੋਗ, ਨਿਪੁੰਨ ਨਰਸਿੰਗ ਪੇਸ਼ੇਵਰ ਮੁੱਹਈਆ ਕਰਵਾਉਣਾ ਹੈ। ਉਨ੍ਹਾਂ ਵੱਲੋਂ ਸਮੇਂ-ਸਮੇਂ ਤੇ ਸਿੱਖਿਆ ਦੇ ਮਿਆਰ ਨੂੰ ਉੱਪਰ ਚੁੱਕਣ ਲਈ ਉਪਰਾਲੇ ਕੀਤੇ ਜਾਂਦੇ ਹਨ, ਜਿਸ ਦੇ ਨਤੀਜੇ ਵਜੋਂ ਉਨ੍ਹਾਂ ਵੱਲੋਂ ਸਿੱਖਿਆ ਦੇ ਖੇਤਰ 'ਚ ਆਪਣੀ ਇਕ ਵੱਖਰੀ ਪਛਾਣ ਕਾਇਮ ਕੀਤੀ ਗਈ ਹੈ। ਪ੍ਰਿੰਸੀਪਲ ਸੁਖਦੀਪ ਕੌਰ ਵੱਲੋਂ ਬੱਚਿਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਇਹ ਸਫਲਤਾ ਵਿਦਿਆਥੀਆਂ ਦੀ ਮਿਹਨਤ, ਅਨੁਸ਼ਾਸ਼ਨ ਤੇ ਅਧਿਆਪਕਾ ਦੀ ਨਿਸ਼ਠਾ ਦਾ ਨਤੀਜਾ ਹੈ। ਵਿਦਿਆਥੀਆਂ ਨੇ ਵੀ ਆਪਣੀ ਸਫਲਤਾ ਦਾ ਸਿਹਰਾ ਅਧਿਆਪਕਾ ਦੀ ਰਹਿਨੁਮਾਈ, ਮਾਪਿਆਂ ਦੇ ਸਹਿਯੋਗ ਤੇ ਕਾਲਜ ਦੇ ਸਿੱਖਿਆਤਮਕ ਮਾਹੌਲ ਨੂੰ ਦਿੱਤਾ।

## ਕੌਂਸਲਰ ਕੂੜੇ ਦਾ ਪੱਕਾ ਹੱਲ ਕਰਨ : ਪ੍ਰਧਾਨ ਅਰੁਣ ਗਿੱਲ

ਜਗਰਾਉਂ (ਅਮਿਤ ਖੰਨਾ)-ਨਗਰ ਕੌਂਸਲ ਜਗਰਾਉਂ ਲਈ ਕੂੜਾ ਪਿਛਲੇ ਕਈ ਸਾਲਾਂ ਤੋਂ ਗੰਭੀਰ ਸਮੱਸਿਆ ਬਣਿਆ ਹੋਇਆ ਹੈ। ਇਸ ਗੰਭੀਰ ਸਮੱਸਿਆ ਦਾ ਕਿਸੇ ਵੀ ਰਾਜਨੀਤਿਕ ਆਗੂ ਵੱਲੋਂ ਤੇ ਨਾ ਹੀ ਸਿਵਿਲ ਪ੍ਰਸ਼ਾਸਨ ਵੱਲੋਂ ਪੱਕਾ ਹੱਲ ਕੱਢਿਆ ਜਾ ਰਿਹਾ ਹੈ। ਹਮੇਸ਼ਾ ਸਫਾਈ ਸੇਵਕਾਂ ਨੂੰ ਇਸ ਲਈ ਜਿੰਮੇਵਾਰ ਦਿਖਾ ਕੇ ਪੱਲਾ ਝਾੜ ਦਿੱਤਾ ਜਾਂਦਾ ਹੈ। ਇਸ ਸਬੰਧੀ ਸਫਾਈ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਅਰੁਣ ਗਿੱਲ ਨੇ ਦੱਸਿਆ ਕਿ ਕੂੜੇ ਲਈ ਸਿਰਫ ਤੇ ਸਿਰਫ ਰਾਜਨੀਤਿਕ ਆਗੂ ਅਤੇ ਨਗਰ ਕੌਂਸਲ ਜਗਰਾਉਂ ਦਾ ਪ੍ਰਸ਼ਾਸਨ ਜ਼ਿੰਮੇਵਾਰ ਹੈ ਨਾ ਕਿ ਸਫਾਈ ਸੇਵਕ।ਉਹਨਾਂ ਅੱਗੇ ਦੱਸਿਆ ਕਿ ਜਦੋਂ ਵੀ ਕੂੜੇ ਦੀ ਸਮੱਸਿਆ ਖੜੀ ਹੁੰਦੀ ਹੈ ਤਾਂ ਕੌਂਸਲਰ ਆਪਣੇ ਆਪਣੇ ਵਾਰਡਾਂ ਵਿੱਚ ਵਾਹ ਵਾਹ ਖੱਟਣ ਲਈ ਕੂੜਾ ਚੱਕਣਾ ਸ਼ੁਰੂ ਕਰ ਦਿੰਦੇ ਹਨ। ਇਸ ਮੌਕੇ ਸਫਾਈ ਯੂਨੀਅਨ ਦੇ ਸੈਕਟਰੀ ਰਜਿੰਦਰ ਕੁਮਾਰ, ਪ੍ਰਧਾਨ ਸਨੀ ਸੁੰਦਰ, ਪ੍ਰਦੀਪ ਕੁਮਾਰ, ਸੋਮਵੀਰ, ਸੁਰਜੀਤ ਸਿੰਘ, ਸਨਦੀਪ ਕੁਮਾਰ,ਐਨਲ ਸਿੰਘ, ਬਿਕਰਮ ਕੁਮਾਰ, ਭੂਸ਼ਣ ਗਿੱਲ ਆਦਿ ਹਾਜ਼ਰ ਰਹੇ।

## ਸਰਹੱਦੀ ਜ਼ਿਲ੍ਹੇ ਫ਼ਿਰੋਜ਼ਪੁਰ ਦੇ ਵਿਕਾਸ 'ਚ ਡਾ. ਅਨਿਰੁੱਧ ਗੁਪਤਾ ਦਾ ਵਡਮੁੱਲਾ ਯੋਗਦਾਨ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਡੀ ਸੀ ਐੱਮ ਗਰੁੱਪ ਆਫ਼ ਸਕੂਲਜ਼ ਦੇ ਸੀ ਈ ਓ ਡਾ. ਅਨਿਰੁੱਧ ਗੁਪਤਾ ਸਰਹੱਦੀ ਜ਼ਿਲ੍ਹੇ ਫ਼ਿਰੋਜ਼ਪੁਰ ਦੇ ਸਰਵਪੱਖੀ ਵਿਕਾਸ ਲਈ ਇਕ ਮਸੀਹਾ ਬਣ ਕੇ ਉੱਭਰੇ ਹਨ। ਸਿੱਖਿਆ, ਖੇਡਾਂ, ਸੈਰ-ਸਪਾਟਾ, ਸਮਾਜ ਸੇਵਾ ਅਤੇ ਆਈ ਟੀ ਖੇਤਰ ਵਿਚ ਉਨ੍ਹਾਂ ਦੇ ਅਣਥੱਕ ਯਤਨਾਂ ਸਦਕਾ ਅੱਜ ਫ਼ਿਰੋਜ਼ਪੁਰ ਦਾ ਨਾਂ ਵਿਸ਼ਵ ਨਕਸ਼ੇ 'ਤੇ ਚਮਕ ਰਿਹਾ ਹੈ। ਡਾ. ਗੁਪਤਾ ਦੀ ਅਗਵਾਈ ਹੇਠ ਡੀ ਸੀ ਐਮ ਗਰੁੱਪ ਪੰਜਾਬ, ਹਰਿਆਣਾ ਅਤੇ ਹਿਮਾਚਲ ਵਿਚ 10 ਸਕੂਲ ਚਲਾ ਰਿਹਾ ਹੈ। ਉਨ੍ਹਾਂ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਅੰਤਰਰਾਸ਼ਟਰੀ ਪੱਧਰ ਦੀ ਸਿੱਖਿਆ ਅਤੇ ਬੁਨਿਆਦੀ ਢਾਂਚਾ ਮੁਹੱਈਆ ਕਰਵਾਉਣਾ ਹੈ ਤਾਂ ਜੋ ਨੌਜਵਾਨ ਰੁਜ਼ਗਾਰ ਲੱਭਣ ਦੀ ਬਜਾਏ 'ਆਤਮ-ਨਿਰਭਰ ਭਾਰਤ' ਦੇ ਤਹਿਤ ਰੁਜ਼ਗਾਰ ਦੇਣ ਵਾਲੇ ਬਣ ਸਕਣ। ਫ਼ਿਰੋਜ਼ਪੁਰ ਨੂੰ 'ਟੂਰਿਸਟ ਸਿਟੀ' ਵਜੋਂ ਵਿਕਸਤ ਕਰਨ ਲਈ ਡਾ. ਗੁਪਤਾ ਨੇ 'ਇਨਟੈਕ ਚੈਪਟਰ' ਦੀ ਸਥਾਪਨਾ ਕੀਤੀ। ਉਨ੍ਹਾਂ ਦੇ ਯਤਨਾਂ ਸਦਕਾ ਦੋ ਸਦੀਆਂ ਤੋਂ ਬੰਦ ਫ਼ਿਰੋਜ਼ਪੁਰ ਕਿਲ੍ਹੇ ਨੂੰ ਖੁਲ੍ਹਵਾਇਆ ਗਿਆ। ਉਹ ਹੁਸੈਨੀਵਾਲਾ ਰਿਟਰੀਟ ਸੈਰੇਮਨੀ, ਸਾਰਾਗੜ੍ਹੀ ਮੈਮੋਰੀਅਲ ਅਤੇ ਐਂਗਲੋ-ਸਿੱਖ ਵਾਰ ਮੈਮੋਰੀਅਲ ਵਰਗੇ ਇਤਿਹਾਸਕ ਸਥਾਨਾਂ ਨੂੰ ਵਿਸ਼ਵ ਪੱਧਰ 'ਤੇ ਪ੍ਰਫੁੱਲਿਤ ਕਰ ਰਹੇ ਹਨ ਤਾਂ ਜੋ ਸਥਾਨਕ ਵਪਾਰ ਅਤੇ ਹੋਟਲ ਉਦਯੋਗ ਨੂੰ ਹੁਲਾਰਾ ਮਿਲ ਸਕੇ। ਖੁਦ ਇਕ ਖਿਡਾਰੀ ਹੋਣ ਦੇ ਨਾਤੇ ਉਨ੍ਹਾਂ ਨੇ 'ਸਪੋਰਟਸ ਐਸੋਸੀਏਸ਼ਨ ਆਫ਼ ਫ਼ਿਰੋਜ਼ਪੁਰ' ਰਾਹੀਂ ਹਜ਼ਾਰਾਂ ਖਿਡਾਰੀ ਤਿਆਰ ਕੀਤੇ ਹਨ। ਡਾ. ਅਨਿਰੁੱਧ ਗੁਪਤਾ ਨੂੰ ਹੁਣ ਤੱਕ 100 ਤੋਂ ਵੱਧ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੁਰਸਕਾਰ ਮਿਲ ਚੁੱਕੇ ਹਨ। ਸਾਲ 2025 ਵਿਚ ਉਨ੍ਹਾਂ ਨੂੰ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਕਈ ਵਾਰ ਸਨਮਾਨਿਤ ਕੀਤਾ ਗਿਆ। ਉਨ੍ਹਾਂ ਨੂੰ ਅਮਰੀਕਾ, ਸ੍ਰੀਲੰਕਾ ਅਤੇ ਮਾਰੀਸ਼ਸ ਵਰਗੇ ਦੇਸ਼ਾਂ ਵਿਚ ਵੀ 'ਗਲੋਬਲ ਐਜੂਕੇਸ਼ਨ ਲੀਡਰ' ਵਜੋਂ ਨਿਵਾਜਿਆ ਜਾ ਚੁੱਕਾ ਹੈ।

## ਭਾਵਪੂਰਤ ਰਹੀ ਪ੍ਰਿੰਸੀਪਲ ਜਗਦੇਵ ਸਿੰਘ ਗਿੱਲ ਦੀ ਸੇਵਾ-ਮੁਕਤੀ

ਸਿਰਸਾ (ਸੁਰਿੰਦਰ ਪਾਲ ਸਿੰਘ)-ਸਰਕਾਰੀ ਮਾਡਲ ਸੰਸਕ੍ਰਿਤੀ ਸੀਨੀਅਰ ਸੈਕੰਡਰੀ ਸਕੂਲ ਕਾਲਾਂਵਾਲੀ ਦੇ ਪ੍ਰਿੰਸੀਪਲ ਜਗਦੇਵ ਸਿੰਘ ਗਿੱਲ ਦੀ ਸੇਵਾ ਮੁਕਤੀ 'ਤੇ ਸਕੂਲ ਸਟਾਫ ਤੇ ਵਿੱਦਿਅਕ ਅਧਿਕਾਰੀਆਂ ਵੱਲੋਂ ਉਨ੍ਹਾਂ ਨੂੰ ਸਨੇਹ ਪੂਰਨ ਤੇ ਭਾਵ ਭਿੰਨੀ ਵਿਦਾਈ ਦਿੱਤੀ ਗਈ। ਸਕੂਲ ਇੰਚਾਰਜ ਮੈਡਮ ਰੇਨੂੰ ਬਾਲਾ ਨੇ ਕਿਹਾ ਕਿ ਪ੍ਰਿੰਸੀਪਲ ਜਗਦੇਵ ਸਿੰਘ ਦੀਆਂ ਅਧਿਆਪਕ ਵਜੋਂ ਤੇ ਪ੍ਰਿੰਸੀਪਲ ਵਜੋਂ ਕੁੱਲ 32 ਸਾਲ ਦੀਆਂ ਅਧਿਆਪਨ ਸੇਵਾਵਾਂ ਬਹੁਤ ਸ਼ਾਨਦਾਰ ਰਹੀਆਂ ਹਨ। ਸਮੂਹ ਸਕੂਲ ਸਟਾਫ ਵੱਲੋਂ ਪ੍ਰਿੰਸੀਪਲ ਜਗਦੇਵ ਸਿੰਘ ਗਿੱਲ ਤੇ ਉਨ੍ਹਾਂ ਦੀ ਸੁਪਤਨੀ ਸਾਬਕਾ ਲੈਕਚਰਾਰ ਸੁਖਵਿੰਦਰ ਕੌਰ ਸਮੇਤ ਗਿੱਲ ਪਰਵਾਰ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਕਰਮਚਾਰੀ ਅੰਦੋਲਨਾਂ ਦਾ ਹਿੱਸਾ ਰਹੇ ਹੋਣ ਕਾਰਨ ਪ੍ਰਿੰਸੀਪਲ ਗਿੱਲ ਨੂੰ ਹਰਿਆਣਾ ਸਕੂਲ ਅਧਿਆਪਕ ਸੰਘ ਤੇ ਰਿਟਾਇਰ ਕਰਮਚਾਰੀ ਸੰਘ ਦੇ ਆਗੂਆਂ ਵੱਲੋਂ ਸਨਮਾਨ ਪੱਤਰ ਭੇਟ ਕੀਤੇ ਗਏ। ਆਪਣੇ ਸੰਬੋਧਨ ਵਿੱਚ ਪ੍ਰਿੰਸੀਪਲ ਜਗਦੇਵ ਸਿੰਘ ਗਿੱਲ ਨੇ ਕਿਹਾ ਕਿ ਪੰਡਾਲ ਵਿੱਚ ਪੁੱਜੇ ਸਾਰੇ ਸੱਜਣਾ ਮਿੱਤਰਾਂ ਤੇ ਰਿਸ਼ਤੇਦਾਰਾਂ ਦਾ ਉਹ ਤਹਿ ਦਿਲੋਂ ਸ਼ੁਕਰੀਆ ਅਦਾ ਕਰਦੇ ਹਨ। ਇਸ ਵਿਦਾਇਗੀ ਸਮਾਗਮ ਵਿੱਚ ਅਧਿਆਪਕਾਂ ਤੇ ਵਿਦਿਆਥੀਆਂ ਵੱਲੋਂ ਗੀਤ ਸੰਗੀਤ ਵੀ ਹੋਇਆ ਤੇ ਮੰਚ ਸਚਾਲਨ ਮਨੋਹਰ ਲਾਲ ਵੱਲੋਂ ਬਾ-ਖੂਬੀ ਕੀਤਾ ਗਿਆ।

## ਐੱਸ ਪੀ ਐੱਸ ਹਸਪਤਾਲ ਵੱਲੋਂ ਦਸ ਰੋਜ਼ਾ ਮੁਫਤ ਚੈੱਕਅੱਪ ਕੈਂਪ ਸ਼ੁਰੂ

ਸਮਰਾਲਾ (ਸੁਰਜੀਤ ਸਿੰਘ)-ਸਿਹਤ ਸੇਵਾਵਾਂ ਵਿੱਚ ਚੈਰਿਟੀ ਦੇ ਕੰਮ ਵਿੱਚ ਅਗਾਊਂ ਰੋਲ ਅਦਾ ਕਰਨ ਵਾਲੇ ਤੇ ਨਾਮਧਾਰੀ ਸੰਪਰਦਾਇ ਦੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਕਸ਼ੇ ਕਦਮ 'ਤੇ ਚਲਦਿਆਂ ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ ਵੱਲੋਂ ਦਸ ਰੋਜ਼ਾ ਸਿਹਤ ਚੈੱਕਅਪ ਕੈਂਪ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਕੈਂਪ ਵਿੱਚ ਹੋਰ ਬਿਮਾਰੀਆਂ ਤੋਂ ਇਲਾਵਾ ਮੁੱਖ ਤੌਰ 'ਤੇ ਗਦੂਦਾਂ ਦਾ ਫਰੀ ਚੈੱਕਅੱਪ ਕੀਤਾ ਜਾਵੇਗਾ। ਹਸਪਤਾਲ ਦੇ ਪ੍ਰਬੰਧ ਨਿਦੇਸ਼ਕ ਜੈ ਸਿੰਘ ਸੰਧੂ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਆਮ ਪਬਲਿਕ ਨੂੰ ਗੰਭੀਰ ਬਿਮਾਰੀਆਂ ਤੋਂ ਜਾਗਰੂਕ ਕਰਨ ਲਈ ਹਸਪਤਾਲ ਵੱਲੋਂ ਸਮੇਂ ਸਮੇਂ 'ਤੇ ਅਜਿਹੇ ਕੈਂਪਾਂ ਦਾ ਆਯੋਜਨ ਕੀਤਾ ਜਾਂਦਾ ਹੈ।ਇਸੇ ਲੜੀ ਤਹਿਤ ਹਸਪਤਾਲ ਵੱਲੋਂ ਹਦੂਦ, ਗੁਰਦੇ ਦੀ ਪੱਥਰੀ ਤੇ ਪਿਸ਼ਾਬ ਦੀ ਸਮੱਸਿਆ ਸਬੰਧੀ ਦਸ ਰੋਜ਼ਾ ਫਰੀ ਕੈਂਪ ਲਗਾਇਆ ਜਾ ਰਿਹਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਹਸਪਤਾਲ ਦੇ ਬੁਲਾਰੇ ਨੇ ਦੱਸਿਆ ਕਿ ਚੈੱਕਅੱਪ ਸਬੰਧੀ ਕਾਰਡ ਹਸਪਤਾਲ ਦੇ ਸੀਓਓ ਯੋਗਿੰਦਰ ਨਾਥ ਅਵਧਿਆ ਵੱਲੋਂ ਜਾਰੀ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਯੂਰੋਲੋਜੀ ਦੇ ਮਾਹਰ ਡਾਕਟਰ ਅਸ਼ੀਸ਼ ਪਾਲ ਸਿੰਘ ਮਰੀਜ਼ਾਂ ਦਾ ਮੁਫਤ ਚੈੱਕਅੱਪ ਕਰਨਗੇ।ਡਾ. ਅਸ਼ੀਸ਼ ਪਾਲ ਨੇ ਦੱਸਿਆ ਕਿ ਜਿਨ੍ਹਾਂ ਮਰੀਜ਼ਾਂ ਨੂੰ ਪਿਸ਼ਾਬ 'ਤੇ ਕੰਟਰੋਲ ਦੀ ਸਮੱਸਿਆ, ਗੁਰਦੇ ਤੇ ਪਿਸ਼ਾਬ ਨਲੀ ਵਿੱਚ ਪੱਥਰੀ ਹੈ, ਉਹ ਮਰੀਜ਼ ਫਰੀ ਓਪੀਡੀ ਦਾ ਲਾਹਾ ਲੈ ਸਕਦੇ ਹਨ।ਇਸ ਮੌਕੇ ਹਸਪਤਾਲ ਦੇ ਲੋਕ ਸੰਪਰਕ ਅਧਿਕਾਰੀ ਲਖਵੀਰ ਸਿੰਘ ਬੱਦੋਵਾਲ ਤੇ ਨੰਦ ਕਿਸ਼ੋਰ ਮੌਜੂਦ ਸਨ।

## ਸਰਕਾਰ ਵਿਕਾਸ ਤੇ ਬਿਹਤਰ ਸਾਫ-ਸਫਾਈ ਲਈ ਵਚਨਬੱਧ : ਰਹਿਮਾਨ

ਮਾਲੇਰਕੋਟਲਾ(ਅਸਗਰ ਪਰਿਹਾਰ)-ਮਾਲੇਰਕੋਟਲਾ ਦੇ ਵਿਧਾਇਕ ਡਾ. ਮੁਹੰਮਦ ਜਮੀਲ ਉਰ ਰਿਹਮਾਨ ਨੇ ਸ਼ਿਹਰ ਦੇ ਮੁੱਖ ਵਪਾਰਕ ਇਲਾਕੇ ਬਰਤਨ ਬਾਜ਼ਾਰ ਤੋਂ ਰਿਹਮਾਨੀ ਢਾਬਾ ਰੋਡ (ਬੇਰੀਆਂ ਮੁਹੱਲਾ) ਤੱਕ ਚੱਲ ਰਹੇ ਸੀਵਰੇਜ ਸਫ਼ਾਈ ਕੰਮਾਂ ਦਾ ਨਿਰੀਖਣ ਕੀਤਾ।ਇਸ ਦੌਰਾਨ ਉਨ੍ਹਾਂ ਸਬੰਧਤ ਵਿਭਾਗ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਸਪੱਸ਼ਟ ਹਦਾਇਤਾਂ ਦਿੱਤੀਆਂ ਕਿ ਸ਼ਿਹਰ ਦੀ ਸਾਫ-ਸਫਾਈ ਤੇ ਸੀਵਰੇਜ ਦੀ ਸਫ਼ਾਈ ਦਾ ਕੰਮ ਪੂਰੀ ਸੰਤੁਸ਼ਟੀ ਤੇ ਨਿਰਧਾਰਤ ਸਮੇਂ ਅੰਦਰ ਮੁਕੰਮਲ ਕੀਤਾ ਜਾਵੇ, ਤਾਂ ਜੋ ਆਮ ਲੋਕਾਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।ਵਿਧਾਇਕ ਡਾ. ਜਮੀਲ ਉਰ ਰਿਹਮਾਨ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਮੁੱਖ ਮੰਤਰੀ ਸ. ਭਗਵੰਤ ਮਾਨ ਦੀ ਅਗਵਾਈ ਹੇਠ ਸ਼ਿਹਰਾਂ ਤੇ ਪਿੰਡਾਂ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਕੰਮ ਕਰ ਰਹੀ ਹੈ।ਉਨ੍ਹਾਂ ਦੱਸਿਆ ਕਿ ਸੀਵਰੇਜ ਪ੍ਰਣਾਲੀ ਦੀ ਸੁਧਾਰ ਤੇ ਨਿਯਮਤ ਸਫ਼ਾਈ ਨਾਲ ਨਾ ਸਿਰਫ਼ ਗੰਦਗੀ ਤੇ ਬਦਬੂ ਤੋਂ ਨਿਜਾਤ ਮਿਲੇਗੀ, ਸਗੋਂ ਸਿਹਤ ਸੰਬੰਧੀ ਸਮੱਸਿਆਵਾਂ 'ਚ ਵੀ ਕਮੀ ਆਵੇਗੀ।ਡਾ. ਰਿਹਮਾਨ ਨੇ ਕਿਹਾ ਕਿ ਪਾਰਟੀ ਦੀ ਨੀਤੀ ਕੰਮ ਬੋਲਦਾ ਹੈ, ਦੇ ਅਧਾਰ 'ਤੇ ਸਰਕਾਰ ਹਰ ਵਰਗ ਦੇ ਲੋਕਾਂ ਲਈ ਬਿਹਤਰ ਸਹੂਲਤਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ।

# ਸੰਯੁਕਤ ਮੋਰਚਾ ਵੱਲੋਂ ਬਿਜਲੀ ਸੋਧ ਬਿੱਲ, ਮਗਨਰੇਗਾ ਕਾਨੂੰਨ 'ਚ ਸੋਧਾਂ ਵਿਰੁੱਧ ਭਲਕ ਤੋਂ ਪਿੰਡਾਂ 'ਚ ਝੰਡਾ ਮਾਰਚ

■ 16 ਨੂੰ ਡੀ ਸੀ ਦਫਤਰ ਅੱਗੇ ਦਿੱਤਾ ਜਾਵੇਗਾ ਵਿਸ਼ਾਲ ਧਰਨਾ

ਬੁਢਲਾਡਾ (ਅਸ਼ੋਕ ਲਾਕੜਾ)-ਇੱਥੇ ਸੰਯੁਕਤ ਮੋਰਚਾ ਦੀ ਸਬ ਡਵੀਜ਼ਨ ਪੱਧਰ ਦੀ ਮੀਟਿੰਗ ਗੁਰਦੁਆਰਾ ਬਾਰਾ ਸਾਹਿਬ ਵਿਖੇ ਕਿਸਾਨ ਆਗੂ ਰਾਮਫਲ ਸਿੰਘ ਚੱਕ ਅਲੀਸ਼ੇਰ, ਖੇਤ ਮਜ਼ਦੂਰ ਆਗੂ ਬੰਬੂ ਸਿੰਘ ਫੁੱਲੂਵਾਲਾ ਤੇ ਬਿਜਲੀ ਮੁਲਾਜ਼ਮ ਆਗੂ ਦਰਸ਼ਨ ਸਿੰਘ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿੱਚ ਬਿਜਲੀ ਸੋਧ ਬਿਲ 2025, ਮਗਨਰੇਗਾ ਕਾਨੂੰਨ ਵਿੱਚ ਸੋਧਾਂ ਕਰਨ ਵਿਰੁੱਧ ਤੇ ਹੋਰ ਮੰਗਾਂ ਦੇ ਸਬੰਧ ਵਿੱਚ ਵਿਚਾਰ ਵਟਾਂਦਰਾ ਕੀਤਾ ਗਿਆ।

ਮੀਟਿੰਗ ਵਿੱਚ ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਦੇ ਸੀਨੀਅਰ ਮੀਤ ਪ੍ਰਧਾਨ ਪ੍ਰਸ਼ੋਤਮ ਸਿੰਘ ਗਿੱਲ, ਲੱਖੋਵਾਲ ਦੇ ਚੇਅਰਮੈਨ ਕੁਲਦੀਪ ਸਿੰਘ ਚੱਕ ਭਾਈਕੇ, ਜਮਹੂਰੀ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਅਮਰੀਕ ਸਿੰਘ ਫਫੜੇ ਭਾਈਕੇ, ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੇ ਸੀਨੀਅਰ ਮੀਤ ਪ੍ਰਧਾਨ ਸਤਪਾਲ ਸਿੰਘ ਬਰੇ, ਏਟਕ ਦੇ ਸੀਨੀਅਰ ਆਗੂ ਕਾਮਰੇਡ ਜਗਸੀਰ ਸਿੰਘ ਰਾਏਕੇ, ਲਛਮਣ ਸਿੰਘ ਚੱਕ ਅਲੀਸ਼ੇਰ, ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਮੀਤ ਪ੍ਰਧਾਨ ਐਡਵੋਕੇਟ ਸਵਰਨਜੀਤ ਸਿੰਘ ਦਲਿਓ, ਬੀ.ਕੇ.ਯੂ. (ਰਾਜੇਵਾਲ) ਦੇ ਜ਼ਿਲ੍ਹਾ ਪ੍ਰਧਾਨ ਦਿਲਬਾਗ ਸਿੰਘ ਕਲੀਪੁਰ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਭਜਨ ਸਿੰਘ ਘੁੰਮਣ, ਭਾਰਤੀ ਕਿਸਾਨ ਯੂਨੀਅਨ ਦੇ ਲਛਮਣ ਸਿੰਘ ਚੱਕ ਅਲੀਸ਼ੇਰ, ਪੰਜਾਬ ਖੇਤ ਮਜ਼ਦੂਰ ਸਭਾ ਦੇ ਆਗੂ ਚਿਮਨ ਲਾਲ ਕਾਕਾ, ਕੁਲ ਹਿੰਦ ਕਿਸਾਨ ਸਭਾ (ਅਜੇ ਭਵਨ) ਦੇ ਸੀਨੀਅਰ ਆਗੂ ਹਰਮੀਤ ਸਿੰਘ ਬੋੜਾਵਾਲ, ਭੁਪਿੰਦਰ ਸਿੰਘ ਗੁਰਨੇ ਕਲਾਂ ਅਨਾਜ ਮੰਡੀ ਗੱਲਾ ਮਜ਼ਦੂਰ ਯੂਨੀਅਨ ਦੇ ਆਗੂ ਰਾਜ ਕੁਮਾਰ ਰਾਜੂ ਆਦਿ ਆਗੂਆਂ ਨੇ ਬੋਲਦਿਆਂ ਕਿਹਾ ਕਿ ਕੇਂਦਰ ਸਰਕਾਰ ਲਗਾਤਾਰ ਮਜ਼ਦੂਰ ਤੇ ਕਿਸਾਨ ਵਿਰੋਧੀ ਫੈਸਲੇ ਲੈ ਰਹੀ ਹੈ।ਫ਼ਸਲੀ ਜਿਣਸਾਂ ਦੀ ਐੱਮ.ਐੱਸ.ਪੀ. ਕਾਨੂੰਨੀ ਗਰੰਟੀ ਨਹੀਂ ਦਿੱਤ

2-Jan-PAGE-11-Dec-26.qxd 1/1/2026 10:27 PM Page 1



# ਭਕਨਾ 'ਚ ਕਾਨਫਰੰਸ ਵਿੱਚ ਕਿਸਾਨ ਸਭਾ ਕਰੇਗੀ ਸ਼ਮੂਲੀਅਤ : ਮਾੜੀਮੇਘਾ

ਝਬਾਲ : (ਹਰਜਿੰਦਰ ਸਿੰਘ ਸੋਨੀ) ਕੁੱਲ ਹਿੰਦ ਕਿਸਾਨ ਸਭਾ, ਜ਼ਿਲ੍ਹਾ ਤਰਨ ਤਾਰਨ ਵੱਲੋਂ ਬਾਬਾ ਸੋਹਣ ਸਿੰਘ ਭਕਨਾ ਦਾ ਜਨਮ ਦਿਹਾੜਾ ਮਨਾਉਣ ਲਈ ਪਿੰਡ ਭਕਨਾ ਵਿਖੇ ਕੀਤੀ ਜਾ ਰਹੀ ਭਾਰਤੀ ਕਮਿਊਨਿਸਟ ਪਾਰਟੀ ਦੀ ਕਾਨਫਰੰਸ ਵਿੱਚ ਸ਼ਮੂਲੀਅਤ ਕਰੇਗੀ।

ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਪੂਰਨ ਸਿੰਘ ਮਾੜੀਮੇਘਾ ਨੇ ਕਿਹਾ ਕਿ ਬਾਬਾ ਸੋਹਣ ਸਿੰਘ ਭਕਨਾ ਤੇ ਹੋਰ ਦੇਸ਼ ਭਗਤਾਂ ਨੇ ਅੰਗਰੇਜ਼ ਹਕੂਮਤ ਸਮੇਂ ਵੱਖ ਵੱਖ ਖੇਤਰਾਂ ਦੀਆਂ ਕਿਸਾਨ ਜਥੇਬੰਦੀਆਂ ਨੂੰ ਇਕੱਠਾ ਕਰਕੇ 1936 ਵਿੱਚ ਕੁੱਲ ਹਿੰਦ ਕਿਸਾਨ ਸਭਾ ਦੇ ਨਾਂ 'ਤੇ ਦੇਸ਼ ਪੱਧਰ ਦੀ ਵਿਸ਼ਾਲ ਕਿਸਾਨ ਜਥੇਬੰਦੀ ਬਣਾਈ ।ਉਹਨਾਂ ਅੰਗਰੇਜ਼ ਹਕੂਮਤ ਸਮੇਂ ਤੇ ਅਜ਼ਾਦੀ ਤੋਂ ਬਾਅਦ ਵੀ ਮਿਹਨਤਕਸ਼ ਲੋਕਾਂ ਤੇ ਖਾਸ ਕਰਕੇ ਕਿਸਾਨ ਘੋਲਾਂ ਦੀ ਅਗਵਾਈ ਕੀਤੀ। ਇਸ ਕਰਕੇ ਸਾਡਾ ਸਭ ਦਾ ਫ਼ਰਜ਼ ਬਣਦਾ ਹੈ ਕਿ ਉਸ ਮਹਾਨ ਸ਼ਖ਼ਸੀਅਤ ਨੂੰ ਸਿਜਦਾ ਕਰਨ ਲਈ ਪਿੰਡ ਦੀ ਕਾਨਫਰੰਸ ਵਿੱਚ ਸ਼ਮੂਲੀਅਤ ਕਰੀਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਿਸਾਨ ਆਗੂ ਮਹਾਂਬੀਰ ਸਿੰਘ ਗਿੱਲ, ਗੁਰਪ੍ਰੀਤ ਸਿੰਘ ਗੰਡੀਵਿੰਡ, ਬਲਕਾਰ ਸਿੰਘ ਵਲਟੋਹਾ, ਰਣਜੀਤ ਸਿੰਘ ਬਹਾਦਰ ਨਗਰ, ਸੁਖਦੇਵ ਸਿੰਘ ਮਾਨੋਚਾਹਲ, ਰਾਣਾ ਰਣਜੀਤ ਸਿੰਘ, ਪਰਮਜੀਤ ਸਿੰਘ ਚੋਹਲਾ, ਬਲਦੇਵ ਸਿੰਘ ਧੂੰਦਾ, ਰਾਜ ਗੋਬਿੰਦ ਸਿੰਘ,ਰਛਪਾਲ ਸਿੰਘ ਬਾਠ, ਗੁਰਦਿਆਲ ਸਿੰਘ ਵਰਨਾਲਾ ਵੀ ਹਾਜ਼ਰ ਸਨ।

# ਡੀ ਏ ਤੇ ਪੁਰਾਣੀ ਪੈਨਸ਼ਨ ਲੈਣ ਲਈ ਸੰਘਰਸ਼ ਤੇਜ਼ ਕੀਤੇ ਜਾਣਗੇ : ਆਸਲ

ਪੱਟੀ (ਬਲਦੇਵ ਸਿੰਘ ਸੰਧੂ)-ਪੈਨਸ਼ਨਰਸ ਐਂਡ ਸੀਨੀਅਰ ਸਿਟੀਜ਼ਨ ਵੈਲਫੇਅਰ ਐਸੋਸੀਏਸ਼ਨ ਰਜਿ: ਦੀ ਹਫਤਾਵਾਰੀ ਮੀਟਿੰਗ ਪੈਨਸ਼ਨ ਸੂਚਨਾ ਕੇਂਦਰ ਪੱਟੀ ਵਿਖੇ ਹੋਈ ਮੀਟਿੰਗ ਦੀ ਪ੍ਰਧਾਨਗੀ ਪ੍ਰਧਾਨ ਹਰਜਿੰਦਰ ਸਿੰਘ ਜੰਡ ਨੇ ਕੀਤੀ। ਪ੍ਰੈਸ ਦੇ ਨਾਂ ਬਿਆਨ ਜਾਰੀ ਕਰਦੇ ਹੋਏ ਜਨਰਲ ਸਕੱਤਰ ਜਗਤਾਰ ਸਿੰਘ ਆਸਲ ਨੇ ਕਿਹਾ ਕਿ ਪੰਜਾਬ ਦੀ ਆਮ ਆਦਮੀ ਦੀ ਮਾਨ ਸਰਕਾਰ ਵੱਲੋਂ ਡੀ ਏ ਦੀ ਕੋਈ ਵੀ ਕਿਸ਼ਤ ਪਿਛਲੇ ਇੱਕ ਸਾਲ ਤੋਂ ਜਾਰੀ ਨਹੀਂ ਕੀਤੀ, 16% ਡੀ ਏ ਬਕਾਇਆ ਬਾਕੀ ਹੈ। ਪੰਜਾਬ ਸਰਕਾਰ ਕੇਂਦਰ ਦੇ ਇਸ਼ਾਰਿਆਂ 'ਤੇ ਚੱਲ ਰਹੀ ਹੈ, ਬਿਜਲੀ ਐਕਟ 2025 ਪ੍ਰਤੀ ਪੰਜਾਬ ਸਰਕਾਰ ਦੋਗਲੀ ਨੀਤੀ ਅਪਣਾ ਰਹੀ ਹੈ, ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਮਸਲੇ ਪਿਛਲੇ ਚਾਰ ਸਾਲਾਂ ਤੋਂ ਲਟਕ ਰਹੇ ਹਨ। ਇਸੇ ਤਰ੍ਹਾਂ ਕੇਂਦਰੀ ਸਰਕਾਰ ਹਰ ਮਹਿਕਮੇ ਦਾ ਨਿੱਜੀਕਰਨ ਕਰਨ ਦੇ ਰਾਹ ਤੁਰੀ ਹੋਈ ਹੈ, ਕਾਰਪੋਰੇਟ ਘਰਾਣਿਆਂ ਨੂੰ ਸਾਰਾ ਦੇਸ਼ ਵੇਚਿਆ ਜਾ ਰਿਹਾ ਹੈ, ਅੰਮ੍ਰਿਤਸਰ ਦਾ ਹਵਾਈ ਅੱਡਾ ਵੀ ਹੁਣ ਅਬਾਨੀਆ ਅਡਾਨੀਆਂ ਦੇ ਹਵਾਲੇ ਕੀਤਾ ਜਾ ਰਿਹਾ ਹੈ। ਨਵੇਂ ਨਵੇਂ ਕਾਨੂੰਨ ਬਣਾ ਕੇ ਕੇਂਦਰ ਸਰਕਾਰ ਸਭ ਕੁਝ ਲੋਕਾਂ ਕੋਲੋਂ ਖੋ ਕੇ ਕਾਰਪੋਰੇਟ

ਘਰਾਣਿਆਂ ਦੇ ਹਵਾਲੇ ਕਰ ਰਹੀ ਹੈ। ਇਸ ਦੀ ਤਾਜ਼ਾ ਮਿਸਾਲ 2025 ਦਾ ਬਿਜਲੀ ਐਕਟ ਮਨਰੇਗਾ ਸਕੀਮ ਬੰਦ ਕਰਨੀ ਅਤੇ ਸੀਡ ਐਕਟ ਲਿਆ ਕੇ ਸਰਕਾਰੀ ਦਾਇਰਿਆਂ ਦਾ ਨਿੱਜੀਕਰਨ ਕੀਤਾ ਜਾ ਰਿਹਾ ਹੈ। ਅਟਲ ਬਿਹਾਰੀ ਵਾਜਪਾਈ ਨੇ 2004 ਤੋਂ ਐਕਟ ਬਣਾ ਕੇ ਪੁਰਾਣੀ ਪੈਨਸ਼ਨ ਬੰਦ ਕਰ ਦਿੱਤੀ ਸੀ ਉਸ ਵਕਤ ਸ਼੍ਰੋਮਣੀ ਅਕਾਲੀ ਦਲ ਬਾਦਲ ਨੇ ਵੀ ਇਸ ਪੈਨਸ਼ਨ ਨੂੰ ਬੰਦ ਕਰਨ ਵਿੱਚ ਆਪਣਾ ਪੂਰਾ ਰੋਲ ਨਿਭਾਇਆ ਸੀ। 2004 ਤੋਂ 10 ਸਾਲ ਬਾਅਦ ਬੀ ਜੇ ਪੀ ਦੀ ਮੋਦੀ ਸਰਕਾਰ ਨੇ ਪੁਰਾਣੀ ਪੈਨਸ਼ਨ ਬੰਦ ਕਰ ਦਿੱਤੀ ਹੈ। ਜ਼ਿਲ੍ਹਾ ਸਕੱਤਰ ਸੱਤਪਾਲ ਸ਼ਰਮਾ ਨੇ ਕਿਹਾ ਕਿ ਆਉਣ ਵਾਲਾ ਸਮਾਂ ਸੰਘਰਸ਼ਾਂ ਦਾ ਹੈ। 28 ਦਸੰਬਰ ਦੀ ਜਲੰਧਰ ਰੈਲੀ ਵਿੱਚ ਉਪਰੋਕਤ ਮੰਗਾਂ 'ਤੇ ਵਿਚਾਰਾਂ ਹੋਈਆਂ ਹਨ। ਰੈਲੀ ਵਿੱਚ ਮਤਾ ਪਾਸ ਕੀਤਾ ਗਿਆ ਹੈ ਕਿ ਨਵੇਂ ਸਾਲ ਤੋਂ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਵਿਰੋਧ ਜ਼ੋਰਦਾਰ ਸੰਘਰਸ਼ ਸ਼ੁਰੂ ਕੀਤਾ ਜਾਵੇਗਾ। ਜੇਕਰ ਫਿਰ ਵੀ ਦੋਹਾਂ ਸਰਕਾਰਾਂ ਨੇ ਆਪਣੀਆਂ ਨੀਤੀਆਂ ਵਿੱਚ ਕੋਈ ਬਦਲਾਅ ਨਾ ਕੀਤਾ ਤਾਂ 5 ਫਰਵਰੀ ਨੂੰ ਦੇਸ਼ ਭਰ ਵਿੱਚ ਹੜਤਾਲ ਕੀਤੀ ਜਾਵੇਗੀ। ਮੰਗਤ ਰਾਮ ਜੋਸ਼ੀ ਸੁਪਰਡੈਂਟ, ਮਲਕੀਤ ਸਿੰਘ ਚੌਧਰੀ, ਮੋਹਣ ਸਿੰਘ ਅਤੇ ਧਰਮ ਸਿੰਘ ਪੱਟੀ ਨੇ ਵੀ ਆਪਣੇ ਵਿਚਾਰ ਰੱਖੇ। ਮੀਟਿੰਗ ਵਿੱਚ ਜ਼ਿਲਾ ਸਰਪ੍ਰਸਤ ਗੋਪਾਲ ਸਿੰਘ, ਕੈਸ਼ੀਅਰ ਚਾਨਣ ਸਿੰਘ, ਦਇਆ ਸਿੰਘ, ਅਨੋਖ ਸਿੰਘ, ਰਾਮ ਲੁਭਾਇਆ, ਗਿਰਧਾਰੀ ਲਾਲ, ਬਲਬੀਰ ਸਿੰਘ, ਅਵਤਾਰ ਸਿੰਘ, ਮਲੂਕ ਸਿੰਘ, ਮਨਜੀਤ ਸਿੰਘ ਸਭਰਾ ਅਤੇ ਰਸ਼ਪਾਲ ਸਿੰਘ ਬਾਠ ਤੋਂ ਇਲਾਵਾ ਹੋਰ ਕਈ ਪੈਨਸ਼ਨਰ ਹਾਜ਼ਰ ਸਨ। ਮੀਟਿੰਗ ਦੇ ਅੰਤ ਦੇ ਪ੍ਰਧਾਨ ਹਰਜਿੰਦਰ ਸਿੰਘ ਜੰਡ ਨੇ ਆਏ ਪੈਨਸ਼ਨਰਜ਼ ਦਾ ਧੰਨਵਾਦ ਕੀਤਾ।

# ਪੰਜਾਬ ਇਸਤਰੀ ਸਭਾ ਵੱਲੋਂ ਜੀ ਰਾਮ ਜੀ ਵਿਰੁੱਧ ਪ੍ਰਦਰਸ਼ਨ

ਤਰਨਤਾਰਨ: ਪੰਜਾਬ ਇਸਤਰੀ ਸਭਾ ਦੀ ਤਰਨਤਾਰਨ ਜ਼ਿਲ੍ਹੇ ਦੀ ਸਕੱਤਰ ਰੁਪਿੰਦਰ ਕੌਰ ਮਾੜੀਮੇਘਾ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਇਸਤਰੀ ਸਭਾ ਦੇ ਸੱਦੇ 'ਤੇ ਮਨਰੇਗਾ ਕਾਨੂੰਨ ਵਿੱਚ ਕੀਤੇ ਬਦਲਾਅ ਵਿਰੁੱਧ ਪਿੰਡ ਭਾਈ ਲੱਧੂ ਵਿਖੇ ਇਸਤਰੀ ਸਭਾ ਦੀ ਆਗੂ

ਬੀਬੀ ਬੀਰੋ ਦੀ ਅਗਵਾਈ ਹੇਠ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਤਰਨਤਾਰਨ ਜ਼ਿਲ੍ਹੇ ਦੇ ਪ੍ਰਧਾਨ ਨਰਿੰਦਰ ਸਿੰਘ ਅਲਗੋਂ ਤੇ ਬਲਾਕ ਆਗੂ ਟਹਿਲ ਸਿੰਘ ਲੱਧੂ ਨੇ ਕਿਹਾ ਕਿ ਬੀ ਜੇ ਪੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਨਰੇਗਾ ਦੇ ਕਾਨੂੰਨ ਵਿੱਚ ਬਦਲਾਅ ਕਰਕੇ ਜ਼ਿਆਦਾਤਰ ਅਧਿਕਾਰ ਆਪ ਲੈ ਲਏ ਹਨ। ਇਹ ਹੁਣ ਕੇਂਦਰ ਸਰਕਾਰ ਤਹਿ ਕਰੇਗੀ ਕਿ ਨਰੇਗਾ ਕਾਮਿਆਂ ਨੂੰ ਕੰਮ ਕਿਸ ਜਗ੍ਹਾ 'ਤੇ ਦੇਣਾ ਹੈ ਅਤੇ ਜਦੋਂ ਮਰਜ਼ੀ ਸਰਕਾਰ ਕੰਮ ਬੰਦ ਕਰ ਸਕਦੀ ਹੈ। ਨਰੇਗਾ ਕਾਮਿਆਂ ਨੂੰ ਕੀਤੇ ਹੋਏ ਕੰਮ ਦੇ ਜੋ ਪਹਿਲਾਂ ਪੈਸੇ ਮਿਲਦੇ ਸਨ ਉਸ ਵਿੱਚ 90 ਫੀਸਦੀ ਕੇਂਦਰ ਸਰਕਾਰ ਦਿੰਦੀ ਸੀ ਤੇ 10 ਫੀਸਦੀ ਸੂਬਾ ਸਰਕਾਰ ਪਾਉਂਦੀਆਂ ਸਨ। ਹੁਣ 60 ਫੀਸਦੀ ਪੈਸਾ ਸੈਂਟਰ ਦੇਵੇਗਾ ਤੇ 40 ਫੀਸਦੀ ਸੂਬੇ ਪਾਉਣਗੇ।ਆਗੂਆਂ ਨੇ ਕਿਹਾ ਕਿ ਹੋਇਆ ਉਲਟ ਹੈ ਕਾਨੂੰਨ ਵਿੱਚ ਬਦਲਾਅ ਕਰਕੇ ਕੰਮ ਕਰਾਉਣ ਦੇ ਅਧਿਕਾਰ ਸੈਂਟਰ ਨੇ ਆਪ ਰੱਖ ਲਏ ਹਨ ਤੇ ਪੈਸੇ ਦਾ ਬੋਝ ਸੂਬਾ ਸਰਕਾਰਾਂ ਤੇ ਵਧਾ ਦਿੱਤਾ ਹੈ।

# ਡੀ ਓ ਏ, ਸੀ ਐੱਨ ਆਈ ਨਵੇਂ ਸਾਲ ਦੀ ਸ਼ਾਮ ਨੂੰ ਹਾਸ਼ੀਏ 'ਤੇ ਰਹਿ ਰਹੇ ਲੋਕਾਂ ਤੱਕ ਪਹੁੰਚੀ

ਅੰਮ੍ਰਿਤਸਰ: (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ) ਦਿਆਲਤਾ ਅਤੇ ਹਮਦਰਦੀ ਨਾਲ ਭਰੀ ਇੱਕ ਦਿਲ ਨੂੰ ਛੂਹ

ਲੈਣ ਵਾਲੀ ਫੇਰੀ ਦੌਰਾਨ, ਡਾਇਓਸਿਸ ਆਫ਼ ਅੰਮ੍ਰਿਤਸਰ (ਡੀ ਓ ਏ), ਚਰਚ ਆਫ਼ ਨੌਰਥ ਇੰਡੀਆ (ਸੀ ਐਨ ਆਈ), ਨੇ ਆਪਣੇ ਬਿਸ਼ਪ, ਦ ਰਾਈਟ ਰੈਵਰੈਂਡ ਮਨੋਜ ਚਰਨ ਦੀ ਅਗਵਾਈ ਹੇਠ ਸ੍ਰੀ ਗੁਰੂ ਰਾਮ ਦਾਸ ਕੁਸ਼ਟ ਆਸ਼ਰਮ ਦੇ ਨਿਵਾਸੀਆਂ ਦੇ ਵਿਚ ਕੰਬਲ ਅਤੇ ਜ਼ਰੂਰੀ ਭੋਜਨ ਵਸਤੂਆਂ ਵੰਡੀਆਂ, ਜਿਸ ਨਾਲ ਉਨ੍ਹਾਂ ਨੂੰ ਨਵੇਂ ਸਾਲ ਦੇ ਮੌਕੇ 'ਤੇ ਉਮੀਦ ਅਤੇ ਖੁਸ਼ੀ ਮਿਲੀ।

ਦਿਆਲਤਾ ਦਾ ਇਹ ਕਾਰਜ ਸਾਨੂੰ ਸਾਡੇ ਵਿੱਚੋਂ ਸਭ ਤੋਂ ਕਮਜ਼ੋਰ ਲੋਕਾਂ ਲਈ ਪਰਮਾਤਮਾ ਦੇ ਪ੍ਰੇਮ ਅਤੇ ਹਮਦਰਦੀ ਦੀ ਯਾਦ ਦਿਵਾਉਂਦਾ ਹੈ," ਬਿਸ਼ਪ ਮਨੋਜ ਚਰਨ ਨੇ ਕਿਹਾ ' ਜਿਵੇਂ ਕਿ ਪਵਿੱਤਰ ਬਾਈਬਲ ਕਹਿੰਦੀ ਹੈ 'ਆਪਣੇ ਗੁਆਂਢੀ ਨੂੰ ਆਪਣੇ ਜਿਹਾ ਪਿਆਰ ਕਰੋ' , ਸਾਨੂੰ ਉਨ੍ਹਾਂ ਦੀ ਸੇਵਾ ਅਤੇ ਉੱਨਤੀ ਕਰਨ ਲਈ ਬੁਲਾਇਆ ਗਿਆ ਹੈ।"ਬਿਸ਼ਪ ਮਨੋਜ ਚਰਨ ਅਤੇ ਡਾਇਓਸੀਸ ਟੀਮ ਦਾ ਆਸ਼ਰਮ ਦੇ ਅਧਿਕਾਰੀਆਂ ਅਤੇ ਲੋਕਾਂ ਦੁਆਰਾ ਨਿੱਘਾ ਸਵਾਗਤ ਕੀਤਾ ਗਿਆ, ਜਿਨ੍ਹਾਂ ਨੇ ਇਸ ਸਮੇਂ ਸਿਰ ਕੀਤੇ ਗਏ ਕਦਮ ਲਈ ਡੂੰਘੀ ਖੁਸ਼ੀ ਦਾ ਪ੍ਰਗਟਾਵਾ ਕੀਤਾ।

ਡਾਇਓਸਿਸ ਦੇ ਅਧਿਕਾਰੀ ਸ਼੍ਰੀ ਸੈਮੂਅਲ ਭੱਟੀ, ਸ਼੍ਰੀ ਕਿਸ਼ੋਰ, ਸ਼੍ਰੀ ਓਮ ਪ੍ਰਕਾਸ਼, ਰੈਵਰੈਂਡ ਮਾਰਕਸ ਮਸੀਹ, ਰੈਵਰੈਂਡ ਵਿਨੇ ਸੰਨੀ, ਅਤੇ ਸ਼੍ਰੀ ਸ਼ਕਤੀ ਮਲ ਵੀ ਇਸ ਮੌਕੇ ਮੌਜੂਦ ਸਨ।

# ਮਨਰੇਗਾ ਖਤਮ ਕਰਨਾ ਕੇਂਦਰ ਦਾ ਸਿੱਧਾ ਧੱਕਾ : ਸੀਮਾ ਸੋਹਲ

ਝਬਾਲ : (ਹਰਜਿੰਦਰ ਸਿੰਘ ਸੋਨੀ) ਪੰਜਾਬ ਇਸਤਰੀ ਸਭਾ ਤੇ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਵੱਲੋਂ ਨੇੜਲੇ ਪਿੰਡ ਮੂਸੇ ਵਿਖੇ ਨਰੇਗਾ ਕਾਨੂੰਨ ਤੋੜਨ ਵਿਰੁੱਧ ਮਜ਼ਦੂਰਾਂ ਦਾ ਇਕੱਠ ਬੀਬੀ ਕੁਲਵੰਤ ਕੌਰ ਦੀ ਪ੍ਰਧਾਨਗੀ ਹੇਠ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਪੰਜਾਬ ਇਸਤਰੀ ਸਭਾ ਦੀ ਜ਼ਿਲ੍ਹਾ ਸਕੱਤਰ ਕਾਮਰੇਡ ਸੀਮਾ ਸੋਹਲ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਨਰੇਗਾ ਕਾਨੂੰਨ ਖ਼ਤਮ ਕਰਕੇ,ਉਸ ਦੀ ਥਾਂ ਜੀ ਰਾਮ ਜੀ ਕਾਨੂੰਨ ਬਣਾ ਦਿੱਤਾ ਹੈ। ਜਿਸ ਵਿੱਚ ਭੁਲੇਖਾ ਰਾਮ ਦੇ ਨਾਂ ਦਾ ਪਾ ਕੇ ਗੱਲ 125 ਦਿਨ ਕੰਮ ਦੇਣ ਦੀ ਕੀਤੀ ਹੈ ਪਰ ਹਕੀਕਤ ਵਿੱਚ ਇਸ ਨਵੇਂ ਕਾਨੂੰਨ ਨਾਲ ਗਰੀਬ ਲੋਕਾਂ ਨੂੰ ਕੁਝ ਨਹੀਂ ਮਿਲਣ ਵਾਲਾ। ਇਸ ਕਾਨੂੰਨ ਰਾਹੀਂ ਰਾਜ ਸਰਕਾਰਾਂ ਨੂੰ ਵੱਧ ਚਾਲੀ ਫੀਸਦੀ ਪੈਸੇ ਦੇਣੇ ਪੈਣਗੇ,ਜੋ ਕਿ ਅਸੰਭਵ ਹੈ। ਇਸ ਕਾਨੂੰਨ ਵਿੱਚ ਕੰਮ ਦਿਹਾੜੀ ਸਮਾਂ ਛੇ ਘੰਟੇ ਦੀ ਬਜਾਏ ਬਾਰਾਂ ਘੰਟੇ ਕਰ ਦਿੱਤਾ ਗਿਆ ਹੈ।ਜੋ ਸਭ ਤੋਂ ਵੱਡਾ ਧੱਕਾ ਹੈ।

ਦੂਸਰਾ ਇਸ ਕਾਨੂੰਨ ਰਾਹੀਂ ਕੇਂਦਰ ਸਰਕਾਰ ਦੀ ਮਰਜ਼ੀ ਅਨੁਸਾਰ ਕੰਮ ਮਿਲੇਗਾ,ਇਸ ਨਾਲ ਰਾਜ ਸਰਕਾਰਾਂ ਦੇ ਪੱਲੇ ਕੁੱਝ ਨਹੀਂ ਰਿਹਾ । ਕੁੱਲ ਮਿਲਾ ਕੇ ਇਹ ਕਾਨੂੰਨ ਗਰੀਬਾਂ ਨੂੰ ਜੋ ਥੋੜਾ ਬਹੁਤ ਨਰੇਗਾ ਕਾਨੂੰਨ ਰਾਹੀਂ ਮਿਲਦਾ ਸੀ,ਉਹ ਵੀ ਖੁੱਸ ਜਾਵੇਗਾ । ਇਸ ਮੌਕੇ ਕਾਮਰੇਡ ਬਲਵਿੰਦਰ ਸਿੰਘ ਮੂਸੇ, ਕਾਮਰੇਡ ਦਵਿੰਦਰ ਸੋਹਲ ਵੀ ਹਾਜ਼ਰ ਸਨ।

# ਮਾਸਟਰ ਕਾਡਰ ਦਾ ਪ੍ਰੋਮੋਸ਼ਨ ਕੋਟਾ 75 ਫੀਸਦੀ ਕਰਨਾ ਜਥੇਬੰਦੀ ਦੀ ਵੱਡੀ ਜਿੱਤ: ਡੀ ਟੀ ਐੱਫ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)- ਪ੍ਰਿੰਸੀਪਲ ਦੀ ਪ੍ਰੋਮੋਸ਼ਨ ਵਿੱਚ 75% ਕੋਟਾ ਕਰਵਾਉਣ ਤੋਂ ਬਾਅਦ ਹੈੱਡਮਾਸਟਰ ਦੀ ਪ੍ਰੋਮੋਸ਼ਨ ਵਿੱਚ ਵੀ 75% ਕੋਟਾ ਕਰਨ ਦੇ ਰੂਲਾਂ ਦਾ ਨੋਟੀਫਿਕੇਸ਼ਨ ਸਿੱਖਿਆ ਵਿਭਾਗ ਵੱਲੋਂ ਜਾਰੀ ਕਰ ਦਿੱਤਾ ਗਿਆ ਹੈ। ਇਸ ਸਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਅਧਿਆਪਕਾਂ ਦੀ ਨੁਮਾਇੰਦਾ ਜਥੇਬੰਦੀ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਪੰਜਾਬ ਦੇ ਸੂਬਾ ਪ੍ਰਧਾਨ ਦਿਗਵਿਜੇਪਾਲ ਸ਼ਰਮਾ ਅਤੇ ਸੂਬਾ ਸਕੱਤਰ ਰੇਸ਼ਮ ਸਿੰਘ ਖੇਮੂਆਣਾ ਨੇ ਦੱਸਿਆ ਕਿ ਸਾਲ 2018 ਵਿੱਚ ਤਾਨਾਸ਼ਾਹ ਸਿੱਖਿਆ ਸਕੱਤਰ ਕ੍ਰਿਸ਼ਨ ਕੁਮਾਰ ਨੇ ਕੁਤਰ ਢੰਗ ਨਾਲ ਪ੍ਰਿੰਸੀਪਲ, ਹੈੱਡਮਾਸਟਰ ਅਤੇ ਬੀਪੀਈਓ ਲਈ ਪ੍ਰੋਮੋਸ਼ਨ ਕੋਟਾ 75% ਤੋਂ ਘਟਾ ਕੇ 50% ਕਰ ਦਿੱਤਾ ਸੀ ਅਤੇ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਪੰਜਾਬ ਇਸ ਕੋਟੇ ਨੂੰ 75% ਕਰਵਾਉਣ ਲਈ ਲਗਾਤਾਰ ਸੱਤ ਸਾਲ ਤੋਂ ਲੜਾਈ ਲੜ ਰਿਹਾ ਸੀ। ਆਖਿਰਕਾਰ ਹੁਣ ਜਥੇਬੰਦੀ ਦੇ ਦਬਾਅ ਹੇਠ ਸਿੱਖਿਆ ਵਿਭਾਗ ਨੇ 2018 ਵਾਲੇ ਨਿਯਮ ਬਦਲ ਕੇ ਦੁਬਾਰਾ ਪ੍ਰੋਮੋਸ਼ਨ ਦਾ ਕੋਟਾ 75% ਕਰ ਦਿੱਤਾ ਹੈ ਅਤੇ ਪ੍ਰਿੰਸੀਪਲ ਦੇ ਨਵੇਂ ਰੂਲਜ਼ ਦੇ ਨੋਟੀਫਿਕੇਸ਼ਨ ਆਉਣ ਤੋਂ ਬਾਅਦ ਅੱਜ ਹੈੱਡਮਾਸਟਰ ਦੇ 75% ਪ੍ਰੋਮੋਸ਼ਨ ਕੋਟਾ ਕਰਨ ਦੇ ਰੂਲਜ਼ ਦਾ ਵੀ ਨੋਟੀਫਿਕੇਸ਼ਨ ਹੋ ਗਿਆ ਹੈ। ਆਗੂਆਂ

ਨੇ ਇਸ ਨੂੰ ਜਥੇਬੰਦੀ ਦੀ ਵੱਡੀ ਜਿੱਤ ਕਰਾਰ ਦਿੱਤਾ ਹੈ। ਆਗੂਆਂ ਨੇ ਕਿਹਾ ਕਿ ਇਨ੍ਹਾਂ ਸੋਧੇ ਹੋਏ ਰੂਲਜ਼ ਨਾਲ ਸਕੂਲਾਂ ਨੂੰ ਤਜਰਬੇਕਾਰ ਪ੍ਰਿੰਸੀਪਲ, ਹੈੱਡਮਾਸਟਰ ਅਤੇ ਬੀਪੀਈਓਜ਼ ਮਿਲਣਗੇ। ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਸਰਵਣ ਸਿੰਘ ਔਜਲਾ, ਮੀਤ ਪ੍ਰਧਾਨ ਸੁੱਖਵਿੰਦਰ ਸੁੱਖੀ, ਸੰਯੁਕਤ ਸਕੱਤਰ ਦਲਜੀਤ ਸਮਰਾਲਾ, ਵਿੱਤ ਸਕੱਤਰ ਜਸਵਿੰਦਰ ਬਠਿੰਡਾ, ਪ੍ਰੈੱਸ ਸਕੱਤਰ ਲਖਵੀਰ ਮੁਕਤਸਰ ਅਤੇ ਸਹਾਇਕ ਪ੍ਰੈੱਸ ਸਕੱਤਰ ਰਾਜਵਿੰਦਰ ਸਿੰਘ ਬੈਹਣੀਵਾਲ ਨੇ ਕਿਹਾ ਸਕੂਲਾਂ ਵਿੱਚ 50% ਤੋਂ ਵੱਧ ਪ੍ਰਿੰਸੀਪਲ, ਹੈੱਡਮਾਸਟਰ ਅਤੇ ਬੀਪੀਈਓਜ਼ ਦੀਆਂ ਪੋਸਟਾਂ ਖਾਲੀ ਪਈਆਂ ਹਨ । ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਖਾਲੀ ਪਈਆਂ ਪੋਸਟਾਂ ਉਪਰ ਤੁਰੰਤ ਪ੍ਰੋਮੋਸ਼ਨ ਕੋਟੇ ਅਨੁਸਾਰ ਪ੍ਰੋਮੋਸ਼ਨਾਂ ਕੀਤੀਆਂ ਜਾਣ। ਇਸ ਦੇ ਨਾਲ ਹੀ ਉਨ੍ਹਾਂ ਮੰਗ ਕੀਤੀ ਕਿ ਬੀਪੀਈਓਜ਼ ਦੇ ਸੋਧੇ ਰੂਲਾਂ ਦਾ ਨੋਟੀਫਿਕੇਸ਼ਨ ਵੀ ਤੁਰੰਤ ਕੀਤਾ ਜਾਵੇ।

# ਕਿਰਚ ਮਾਰਨ ਨਾਲ ਮੌਤ, ਦੋ ਵਿਰੁੱਧ ਕੇਸ ਦਰਜ

ਧਾਰੀਵਾਲ : (ਮਨਦੀਪ ਸਿੰਘ ਵਿੱਕੀ) - ਥਾਣਾ ਸੇਖਵਾਂ ਅਧੀਨ ਪੈਂਦੇ ਪਿੰਡ ਧਾਰੀਵਾਲ ਕਲਾਂ ਦੇ ਬਾਹਰਵਾਰ ਟੀ ਪੁਆਇੰਟ ਡਰੇਨ ਲਾਗੇ ਆ ਰਹੇ ਮੋਟਰਸਾਈਕਲ ਵਾਲੀ ਰੇਹੜੀ ਚਾਲਕ ਨਾਲ ਮੋਟਰਸਾਈਕਲ ਸਵਾਰ ਦੋ ਨੌਜਵਾਨਾਂ ਵਿੱਚ ਹੋਈ ਮਾਮੂਲੀ ਤਕਰਾਰਬਾਜੀ ਤੋ

2 Jan Page 12.qxd 1/1/2026 10:32 PM Page 1



## ਜਨਮ ਦਿਨ ਮੁਬਾਰਕ

ਦਿਵਯਾਂਸ਼ ਸ਼ਰਮਾ
ਸੁਨਾਮ

## ਵਰ੍ਹੇਗੰਢ ਮੁਬਾਰਕ



ਸੁਖਵਿੰਦਰ ਸਿੰਘ ਤੇ ਰਾਜਵਿੰਦਰ ਕੌਰ ਵਾਸੀ ਜਲੰਧਰ ਨੇ ਵਿਆਹ ਦੀ 9ਵੀਂ ਵਰ੍ਹੇਗੰਢ ਮਨਾਈ।

# 'ਸਾਡੇ ਬਜ਼ੁਰਗ ਸਾਡਾ ਮਾਣ' ਰਾਜ ਪੱਧਰੀ ਮੁਹਿੰਮ 16 ਤੋਂ : ਡਾ. ਬਲਜੀਤ ਕੌਰ

**ਬਜ਼ੁਰਗਾਂ ਦੀ ਭਲਾਈ ਲਈ ਪੰਜਾਬ ਸਰਕਾਰ ਵੱਲੋਂ 24 ਕਰੋੜ ਖਰਚ ਕੀਤੇ ਜਾਣਗੇ**

**ਚੰਡੀਗੜ੍ਹ, (ਗੁਰਜੀਤ ਬਿੱਲਾ)**- ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਬਜ਼ੁਰਗਾਂ ਦੀ ਭਲਾਈ, ਸੁਰੱਖਿਆ ਅਤੇ ਇੱਜ਼ਤ ਭਰੀ ਜ਼ਿੰਦਗੀ ਯਕੀਨੀ ਬਣਾਉਣ ਲਈ ਲਗਾਤਾਰ ਸੰਵੇਦਨਸ਼ੀਲ ਅਤੇ ਕਾਰਜਸ਼ੀਲ ਹੈ। ਇਸੇ ਕੜੀ ਤਹਿਤ ਪੰਜਾਬ ਦੇ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਪੰਜਾਬ ਭਵਨ, ਚੰਡੀਗੜ੍ਹ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਐਲਾਨ ਕੀਤਾ ਕਿ ਬਜ਼ੁਰਗਾਂ ਲਈ ਰਾਜ-ਪੱਧਰੀ ਮੁਹਿੰਮ ਸਾਡੇ ਬਜ਼ੁਰਗ ਸਾਡਾ ਮਾਣ ਦੀ ਸ਼ੁਰੂਆਤ 16 ਜਨਵਰੀ ਤੋਂ ਜ਼ਿਲ੍ਹਾ ਐਸ.ਏ.ਐਸ ਨਗਰ (ਮੋਹਾਲੀ) ਤੋਂ ਕੀਤੀ ਜਾਵੇਗੀ। ਡਾ. ਬਲਜੀਤ ਕੌਰ ਨੇ ਦੱਸਿਆ ਕਿ ਹਰ ਸਾਲ 1 ਅਕਤੂਬਰ ਨੂੰ ਬਜ਼ੁਰਗਾਂ ਦਾ ਅੰਤਰਰਾਸ਼ਟਰੀ ਦਿਵਸ ਮਨਾਇਆ ਜਾਂਦਾ ਹੈ ਅਤੇ ਇਸ ਸੰਦਰਭ ਵਿੱਚ ਪੰਜਾਬ ਸਰਕਾਰ ਵੱਲੋਂ ਸਾਲ 2023 ਤੋਂ ਸਾਡੇ ਬਜ਼ੁਰਗ ਸਾਡਾ ਮਾਣ ਮੁਹਿੰਮ ਚਲਾਈ ਜਾ ਰਹੀ ਹੈ। ਸਾਲ 2023 ਦੌਰਾਨ ਲਗਾਏ ਗਏ ਕੈਂਪਾਂ ਵਿੱਚ 20,110 ਰਜਿਸਟ੍ਰੇਸ਼ਨ ਹੋਈਆਂ, ਜਿਨ੍ਹਾਂ ਤਹਿਤ ਅੱਖਾਂ, ਕੰਨ-ਨੱਕ-ਗਲਾ, ਮੋਤੀਆ ਸਰਜਰੀ ਦੀ ਜਾਂਚ, ਐਨਕਾਂ ਦੀ ਵੰਡ, ਪੈਨਸ਼ਨ ਫਾਰਮ, ਸੀਨੀਅਰ ਸਿਟੀਜ਼ਨ ਕਾਰਡ ਅਤੇ ਆਯੁਸ਼ਮਾਨ ਕਾਰਡ ਆਦਿ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ। ਉਨ੍ਹਾਂ ਕਿਹਾ ਕਿ ਇਸ ਲੜੀ ਨੂੰ ਅੱਗੇ ਵਧਾਉਂਦੇ ਹੋਏ ਸਾਲ 2026 ਵਿੱਚ ਵੀ ਇਹ ਮੁਹਿੰਮ ਪੂਰੇ ਰਾਜ ਵਿੱਚ ਜ਼ਿਲ੍ਹਾ-ਵਾਰ ਕੈਂਪਾਂ ਰਾਹੀਂ ਚਲਾਈ ਜਾਵੇਗੀ। ਇਨ੍ਹਾਂ ਕੈਂਪਾਂ ਵਿੱਚ ਬਜ਼ੁਰਗਾਂ ਨੂੰ ਮੁਫ਼ਤ ਸਿਹਤ ਸਹੂਲਤਾਂ, ਮੋਤੀਆਬਿੰਦ ਸਰਜਰੀ, ਜੈਰੀਆਟ੍ਰਿਕ ਜਾਂਚ, ਕੰਨ-ਨੱਕ-ਗਲਾ ਜਾਂਚ, ਯੋਗਾ ਸੈਸ਼ਨ, ਕਾਨੂੰਨੀ ਜਾਗਰੂਕਤਾ ਅਤੇ ਹੋਰ ਲੋੜੀਂਦੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ। ਡਾ. ਬਲਜੀਤ ਕੌਰ ਨੇ ਜਾਣਕਾਰੀ ਦਿੱਤੀ ਕਿ ਬਜ਼ੁਰਗਾਂ ਲਈ ਰਾਜ ਸਰਕਾਰ ਦੀ ਕਾਰਜ ਯੋਜਨਾ ਵਿੱਤੀ ਸਾਲ 2025-26 ਤਹਿਤ 786.83 ਲੱਖ ਰੁਪਏ ਖਰਚ ਕੀਤੇ ਜਾਣਗੇ, ਜਿਸ ਅਧੀਨ ਮੁਫ਼ਤ ਮੈਡੀਕਲ ਕੈਂਪ, ਐਨ.ਸੀ.ਡੀ.ਅਤੇ ਡਿਮੈਂਸ਼ੀਆ ਸਕ੍ਰੀਨਿੰਗ, ਜੈਰੀਆਟ੍ਰਿਕ ਕੇਅਰਗਿਵਰਾਂ ਦੀ ਟ੍ਰੇਨਿੰਗ, ਰਾਜ-ਪੱਧਰੀ ਮੀਡੀਆ ਅਤੇ ਜਾਗਰੂਕਤਾ ਅਭਿਆਨ ਚਲਾਏ ਜਾਣਗੇ। ਉਨ੍ਹਾਂ ਨੇ ਸਪਸ਼ਟ ਕੀਤਾ ਕਿ ਬਜ਼ੁਰਗਾਂ ਦੀ ਭਲਾਈ, ਸਿਹਤ ਸੇਵਾਵਾਂ, ਓਲਡ ਏਜ ਹੋਮਾਂ, ਡੇ ਕੇਅਰ ਸੈਂਟਰਾਂ, ਜਾਗਰੂਕਤਾ ਅਭਿਆਨਾਂ ਅਤੇ ਹੋਰ ਸੰਬੰਧਤ ਗਤੀਵਿਧੀਆਂ ਲਈ ਪੰਜਾਬ ਸਰਕਾਰ ਵੱਲੋਂ ਕੁੱਲ ਮਿਲਾ ਕੇ ਕਰੀਬ 24 ਕਰੋੜ ਰੁਪਏ ਖਰਚ ਕੀਤੇ ਜਾਣਗੇ, ਜੋ ਕਿ ਬਜ਼ੁਰਗਾਂ ਪ੍ਰਤੀ ਮਾਨ ਸਰਕਾਰ ਦੀ ਮਜ਼ਬੂਤ ਵਚਨਬੱਧਤਾ ਨੂੰ ਦਰਸਾਉਂਦਾ ਹੈ। ਇਸ ਮੌਕੇ ਉਨ੍ਹਾਂ ਇਹ ਵੀ ਦੱਸਿਆ ਕਿ ਜ਼ਿਲ੍ਹਾ ਮਾਨਸਾ ਵਿਖੇ 72 ਬੈੱਡਾਂ ਦੀ ਸਮਰੱਥਾ ਵਾਲੇ ਸਰਕਾਰੀ ਬਿਰਧ ਘਰ ਦਾ ਉਦਘਾਟਨ 10 ਜਨਵਰੀ ਨੂੰ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਕੀਤਾ ਜਾਵੇਗਾ।

## ਮਿਸ਼ਨ ਲਾਈਫ਼ ਤੇ ਇੱਕ ਰੁੱਖ ਮਾਂ ਦੇ ਨਾਂਅ ਯੋਜਨਾਵਾਂ ਨੂੰ ਹਰਿਆਣਾ 'ਚ ਮਿਲ ਰਿਹਾ ਵਿਸਥਾਰ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਵਨ ਅਤੇ ਵਾਤਾਵਰਨ ਮੰਤਰੀ ਰਾਓ ਨਰਬੀਰ ਸਿੰਘ ਨੇ ਕਿਹਾ ਕਿ ਹਰਿਆਣਾ ਸਰਕਾਰ ਅਰਾਵਲੀ ਪਰਬਤ ਲੜੀ ਦੇ ਸਰੰਖਣ ਪ੍ਰਤੀ ਪੂਰੀ ਤਰ੍ਹਾਂ ਗੰਭੀਰ ਅਤੇ ਪ੍ਰਤੀਬੱਧ ਹਨ। ਇਸੇ ਟੀਚੇ ਨਾਲ ਰਾਜ ਸਰਕਾਰ ਹਰਿਆਣਾ ਅਰਾਵਲੀ ਗ੍ਰੀਨ ਵਾਲ ਪਰਿਯੋਜਨਾ 'ਤੇ ਪ੍ਰਭਾਵੀ ਢੰਗ ਨਾਲ ਕੰਮ ਕਰ ਰਹੀ ਹੈ ਜਿਸ ਦੇ ਤਹਿਤ ਮਰੂਸਥਲੀਕਰਨ, ਭੂਮਿ ਕਟਾਵ ਅਤੇ ਸੂਖੇ ਜਿਹੀ ਗੰਭੀਰ ਵਾਤਾਵਰਨ ਦੀਆਂ ਚੁਣੌਤਿਆਂ ਨਾਲ ਨਿਪਟਨ 'ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ। ਇਸ ਪਰਿਯੋਜਨਾ ਨੂੰ ਸਾਲ 2030 ਤੱਕ ਲਾਗੂ ਕਰਨ ਲਈ ਵਿਸਥਾਰ ਕਾਰਜਯੋਜਨਾ ਤਿਆਰ ਕੀਤੀ ਜਾ ਚੁੱਕੀ ਹੈ। ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੇ ਦੂਰਦਰਸ਼ੀ ਅਗਵਾਈ ਵਿੱਚ ਮਿਸ਼ਨ ਲਾਇਫ਼ ਅਤੇ ਇੱਕ ਰੁੱਖ ਮਾਂ ਦੇ ਨਾਮ ਜਿਹੀ ਇਤਿਹਾਸਕ ਪਹਿਲਕਦਮੀਆਂ ਸ਼ੁਰੂ ਕੀਤੀਆਂ ਗਈਆਂ, ਜਿਨ੍ਹਾਂ ਨੇ ਵਾਤਾਵਰਨ ਸਰੰਖਣ ਨੂੰ ਜਨ ਆਂਦੋਲਨ ਦਾ ਰੂਪ ਦਿੱਤਾ ਹੈ। ਇਹ ਪਹਿਲਕਦਮੀਆਂ ਵਿਸ਼ਵ ਵਿਆਪੀ, ਰਾਸ਼ਟਰੀ ਅਤੇ ਸਥਾਨਕ ਪੱਧਰ ਤੇ ਲੋਕਾਂ ਨੂੰ ਸਥਾਨਕ ਜੀਵਨ ਸ਼ੈਲੀ ਅਪਨਾਉਣ ਲਈ ਪ੍ਰੇਰਿਤ ਕਰ ਰਹੀਆਂ ਹਨ।

## ਲੈਣੇ ਦੇ ਦੇਣੇ

ਪਿੰਡ ਦੀ ਫਿਰਨੀ ਦੇ ਬਾਹਰਵਾਰ ਲੱਗਦੇ ਮੱਰ੬ੇ ਵਿੱਚ ਤਿੰਨ ਭਰਾਵਾਂ ਰਿਟਾਇਰ ਹੋ ਕੇ ਤਿੰਨ ਕੋਠੀਆਂ ਪਾਈਆਂ ਹੋਈਆਂ ਹਨ। ਇਹ ਤਿੰਨ ਭਰਾ ਬਗੜ ਸੋਭ ਦੇ ਹਨ। ਇਨ੍ਹਾਂ ਦੇ ਨਾਂਅ ਸਿਮਰਨਜੀਤ ਸਿੰਘ, ਨਵਤੇਜ ਸਿੰਘ, ਹਰਨਾਮ ਸਿੰਘ ਹਨ। ਬੜਾ ਠਾਠ-ਬਾਠ ਵਾਲਾ ਤੇ ਮੰਨਿਆ-ਪ੍ਰਮੰਨਿਆ ਪ੍ਰਵਾਰ ਹੈ। ਚਾਰ ਦਿਵਾਰੀ ਦੇ ਬਾਹਰ ਖੁੱਲ੍ਹੇ ਮੈਦਾਨ ਵਿੱਚ ਉਨ੍ਹਾਂ ਦੇ ਬੱਚੇ ਖੇਡ ਰਹੇ ਹਨ।

ਇੱਕ ਦਿਨ ਪਿੰਡ ਤੋਂ ਤਿੰਨ ਕਿਲੋਮੀਟਰ ਦੀ ਦੂਰੀ 'ਤੇ ਸ਼ਹਿਰ ਹੈ। ਸ਼ਹਿਰ ਵਿੱਚ ਤਿੰਨ ਗੈਂਗਸਟਰ ਕੁਲਵੰਤ ਕਾਲਾ, ਸ਼ਮਸ਼ੇਰ ਸੇਰਾ, ਮਲਕੀਤ ਮੀਤਾ ਤਿੰਨ ਗੈਂਗਸਟਰਾਂ ਦੀ ਘੋਟ ਕਹਾਉਂਦੀ ਟੀਮ ਕਿਰਾਏ ਦੇ ਕਮਰੇ ਵਿੱਚ ਰਹਿੰਦੀ ਹੈ। ਉਨ੍ਹਾਂ ਦੇ ਨਾਲ ਭੋਲੂ ਨੌਕਰ ਵੀ ਹੈ। ਨਾਲ ਰਸੋਈ ਤੇ ਬਾਥਰੂਮ ਜੁੜੇ ਹੋਏ ਹਨ।

ਇੱਕ ਦਿਨ ਤਿੰਨਾਂ ਗੈਂਗਸਟਰਾਂ ਨੇ ਗੁੜ ਪਰਵਾਰ ਦਾ ਪੰਜ ਛੇ ਕੁ ਸਾਲਾਂ ਦਾ ਮੁੰਡਾ ਚੁੱਕਣ ਦੀ ਸਲਾਹ ਬਣਾਈ। ਖੇਡਦੇ ਬੱਚਿਆਂ ਦੇ ਨੇੜੇ ਜਾ ਕੇ ਫਿਰਨੀ ਉੱਤੇ ਕਾਰ ਰੋਕ ਕੇ ਦੋ ਜਣਿਆਂ ਨੇ ਦੌੜ ਕੇ ਜਾ ਕੇ ਸਿਮਰਨਜੀਤ ਸਿੰਘ ਦੇ ਪੰਜ ਛੇ ਸਾਲ ਦੇ ਮੁੰਡੇ ਨੂੰ ਚੁੱਕ ਕੇ ਗੱਡੀ ਵਿੱਚ ਸੁੱਟ ਲਿਆ ਤੇ ਤੀਜੇ ਨੇ ਝੱਟ ਗੱਡੀ ਦੌੜ ਲਈ।

ਘਰ ਲਿਆ ਕੇ ਭੋਲੂ ਨੂੰ ਬੱਚਾ ਸੰਭਾਲ ਦਿੱਤਾ। ਭੋਲੂ ਬੱਚੇ ਨੂੰ ਖਾਣ, ਪੀਣ ਤੇ ਪਹਿਨਣ ਨੂੰ ਦਿੰਦਾ ਤੇ ਸਾਰਾ ਦਿਨ ਉਸ ਨਾਲ ਖੇਡਦਾ ਰਹਿੰਦਾ।

ਤਿੰਨ ਗੈਂਗਸਟਰਾਂ ਨੇ ਸ਼ਹਿਰ ਤੋਂ ਥੋੜ੍ਹੀ ਦੂਰ ਉਜਾੜਾਂ ਵਿੱਚ ਇੱਕ ਛੋਟਾ ਬਕਸਾ ਰੱਖ ਦਿੱਤਾ। ਸਿਮਰਨਜੀਤ ਸਿੰਘ ਨੂੰ ਚਿੱਠੀ ਪਾ ਦਿੱਤੀ ਕਿ ਉਹ ਇਸ ਥਾਂ ਪਏ ਬਕਸੇ ਵਿੱਚ ਇੱਕ ਲੱਖ ਰੁਪਿਆ ਪਾ ਜਾਵੇ ਉਹ ਉਸ ਦਾ ਮੁੰਡਾ ਘਰ ਅੱਗੇ ਛੱਡ ਆਉਣਗੇ।

ਦੋ-ਚਾਰ ਦਿਨ ਤੱਕ ਗੈਂਗਸਟਰ ਓਹਲੇ ਲੁਕੋ ਕੇ ਬਕਸੇ ਵਾਲੀ ਥਾਂ ਨੂੰ ਜਾਂਦਾ ਬੰਦਾ ਦੇਖਦੇ ਰਹੇ। ਪਰ ਕੋਈ ਬੰਦਾ ਉਥੇ ਨਾ ਆਇਆ। ਉਨ੍ਹਾਂ ਦੇਖਿਆ ਕਿ ਕੋਈ ਬੰਦਾ ਬਕਸੇ ਉੱਤੇ ਇੱਕ ਚਿੱਠੀ ਰੱਖ ਕੇ ਮੁੜ ਗਿਆ ਹੈ। ਚਿੱਠੀ ਉਤੇ ਲਿਖਿਆ ਸੀ ਕਿ ਦੋ ਦਿਨ ਦੇ ਅੰਦਰ-ਅੰਦਰ ਇਸ ਬਕਸੇ ਵਿੱਚ ਦੋ ਲੱਖ ਰੁਪਏ ਪਾ ਜਾਓ ਤੇ ਮੇਰਾ ਮੁੰਡਾ ਮੇਰੇ ਘਰ ਅੱਗੇ ਛੱਡ ਆਓ।

ਉਧਰੋਂ ਬੱਚਾ ਭੋਲੂ ਨੂੰ ਬਹੁਤ ਤੰਗ ਕਰਦਾ। ਉਹ ਭੋਲੂ ਨੂੰ ਘੋੜੀ ਬਣਾ ਕੇ ਆਪ ਉੱਪਰ ਬੈਠ ਕੇ ਦੌੜਾਉਂਦਾ। ਉਸ ਦਾ ਕੋਈ ਕੱਪੜਾ ਪਾੜ ਦਿੰਦਾ, ਉਸ ਦੀ ਪਿੱਠ ਉੱਤੇ ਗਰਮ-ਗਰਮ ਆਲੂ ਰੱਖ ਕੇ ਭੰਨ ਦਿੰਦਾ। ਉਸ ਦੀ ਦਾਲ-ਸਬਜ਼ੀ ਵਿੱਚ ਲੂਣ-ਮਿਰਚ ਬਹੁਤ ਪਾ ਦਿੰਦਾ। ਸੁੱਤੇ ਪਏ ਦੇ ਅੱਖਾਂ ਵਿੱਚ ਮਿਰਚ ਭੋਰ ਕੇ ਪਾ ਦਿੰਦਾ। ਅਜਿਹੀਆਂ ਸ਼ਰਾਰਤਾਂ ਤੋਂ ਭੋਲੂ ਦੁਖੀ ਹੋ ਕੇ ਸਾਥੀਆਂ ਨੂੰ ਕਹਿੰਦਾ ਕਿ ਇਸ ਬੱਚੇ ਨੂੰ ਜਿੱਥੋਂ ਲਿਆਂਦਾ, ਉੱਥੇ ਛੱਡ ਆਓ। ਇਸ ਨੂੰ ਸਾਂਭਣਾ ਮੇਰੇ ਲਈ ਔਖਾ ਤੇ ਦੁਖਦਾਈ ਹੈ।

ਡਾ: ਨਵਪ੍ਰੀਤ ਕੌਰ
ਐੱਸ.ਐੱਸ. ਮਿਸਟ੍ਰੈੱਸ
82839-59199

ਹੁਣ ਤਿੰਨਾਂ ਗੈਂਗਸਟਰਾਂ ਨੇ ਦੋ ਲੱਖ ਰੁਪਏ ਇਕੱਠੇ ਕੀਤੇ ਤੇ ਬਕਸੇ ਵਿੱਚ ਪਾ ਆਏ ਤੇ ਬੱਚੇ ਨੂੰ ਕਾਰ ਵਿੱਚ ਬਿਠਾ ਕੇ ਉਸ ਦੇ ਘਰ ਸਾਹਮਣੇ ਛੱਡ ਆਏ ਤੇ ਆਪ ਕਿਸੇ ਹੋਰ ਸ਼ਹਿਰ ਵਿੱਚ ਮਕਾਨ ਲੈ ਕੇ ਰਹਿਣ ਲੱਗ ਪਏ। ਆਪਣਾ ਧੰਦਾ ਵੀ ਬਦਲ ਦਿੱਤਾ।

## ਮੁਕੇਸ਼ ਮਲੌਦ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਸਰਕਾਰ ਦਾ ਪੁਤਲਾ ਫੂਕਿਆ

**ਬੰਗਾ (ਅਵਤਾਰ ਕਲੇਰ)**- ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨਜ਼ ਅਤੇ ਪੇਂਡੂ ਮਜ਼ਦੂਰ ਯੂਨੀਅਨ ਵਲੋਂ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ ਦੀ ਰਿਹਾਈ ਦੀ ਮੰਗ ਨੂੰ ਲੈਕੇ ਨਵਾਂਸ਼ਹਿਰ ਵਿਖੇ ਸਰਕਾਰ ਦਾ ਪੁਤਲਾ ਫੂਕਿਆ ਗਿਆ ਅਤੇ ਪੰਜਾਬ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ ਗਈ।ਇਸ ਮੌਕੇ ਸੰਬੋਧਨ ਕਰਦਿਆਂ ਇਫਟੂ ਦੇ ਸੂਬਾ ਸਕੱਤਰ ਅਵਤਾਰ ਸਿੰਘ ਤਾਰੀ, ਸੂਬਾ ਪ੍ਰੈਸ ਸਕੱਤਰ ਜਸਬੀਰ ਦੀਪ, ਜ਼ਿਲ੍ਹਾ ਪ੍ਰਧਾਨ ਗੁਰਦਿਆਲ ਰੱਕੜ, ਜ਼ਿਲ੍ਹਾ ਸਕੱਤਰ ਪਰਵੀਨ ਕੁਮਾਰ ਨਿਰਾਲਾ,ਪੇਂਡੂ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਆਗੂਆਂ ਕਮਲਜੀਤ ਸਨਾਵਾ ਅਤੇ ਹਰੀ ਰਾਮ ਰਸੂਲਪੁਰੀ ਨੇ ਕਿਹਾ ਪੰਜਾਬ ਪੁਲਸ ਨੇ ਮੁਕੇਸ਼ ਮਲੌਦ ਨੂੰ ਸਾਲ 2014 ਵਿੱਚ ਦਰਜ ਇੱਕ ਕੇਸ ਵਿੱਚ ਨਿਜ਼ਾਮੁਦੀਨ ਰੇਲਵੇ ਸਟੇਸ਼ਨ ਦਿੱਲੀ ਤੋਂ ਗ੍ਰਿਫ਼ਤਾਰ ਕੀਤਾ ਹੈ। ਮੁਕੇਸ਼ ਮਲੌਦ ਮਜ਼ਦੂਰ ਆਗੂ ਹਨ ਜੋ ਦਲਿਤਾਂ ਨੂੰ ਜ਼ਮੀਨ ਦਿਵਾਉਣ ਦੀ ਤਿੱਖੀ ਲੜਾਈ ਲੜ੍ਹ ਰਹੇ ਹਨ। ਆਗੂਆਂ ਨੇ ਮੁਕੇਸ਼ ਮਲੌਦ ਨੂੰ ਫੌਰੀ ਰਿਹਾਅ ਕਰਨ ਅਤੇ ਉਸ ਅਤੇ ਦਰਜ ਕੇਸ ਰੱਦ ਕਰਨ ਦੀ ਮੰਗ ਕੀਤੀ ਹੈ।ਇਸ ਮੌਕੇ ਇਸਤਰੀ ਜਾਗਰਤੀ ਮੰਚ ਦੇ ਜ਼ਿਲ੍ਹਾ ਸਕੱਤਰ ਰੁਪਿੰਦਰ ਕੌਰ ਦੁਰਗਾਪੁਰ, ਕਿਰਨਜੀਤ ਕੌਰ, ਸੁਰਿੰਦਰ ਮੀਰਪੁਰ, ਆਟੋ ਯੂਨੀਅਨ ਦੇ ਆਗੂ ਤਰਨਜੀਤ, ਗੋਪੀ, ਉਸਾਰੀ ਮਿਸਤਰੀ ਮਜਦੂਰ ਯੂਨੀਅਨ ਦੇ ਆਗੂ ਓਮ ਪ੍ਰਕਾਸ਼ ਵੀ ਮੌਜੂਦ ਸਨ।

# ਡੀ ਸੀ ਵੱਲੋਂ ਗਣਤੰਤਰ ਦਿਵਸ ਸਮਾਗਮ ਦੀਆਂ ਤਿਆਰੀਆਂ ਸੰਬੰਧੀ ਅਧਿਕਾਰੀਆਂ ਨੂੰ ਦਿਸ਼ਾ-ਨਿਰਦੇਸ਼ ਜਾਰੀ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**- ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 26 ਜਨਵਰੀ ਨੂੰ ਸਥਾਨਕ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਖੇ ਮਨਾਏ ਜਾਣ ਵਾਲੇ ਗਣਤੰਤਰ ਦਿਵਸ ਸਮਾਗਮ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਲਈ ਪੁਖ਼ਤਾ ਪ੍ਰਬੰਧ ਯਕੀਨੀ ਬਣਾਉਣ ਲਈ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ ਗਏ। ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਇਸ ਸਬੰਧੀ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਮਾਗਮ ਦੌਰਾਨ ਮਾਰਚ ਪਾਸਟ ਤੋਂ ਇਲਾਵਾ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਦੀ ਭਾਵਨਾ ਨਾਲ ਭਰਪੂਰ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ। ਇਸ ਤੋਂ ਇਲਾਵਾ ਆਜ਼ਾਦੀ ਘੁਲਾਟੀਆਂ ਤੇ ਉਨ੍ਹਾਂ ਦੇ ਵਾਰਸਾਂ, ਵੱਖ-ਵੱਖ ਖੇਤਰਾਂ ਵਿੱਚ ਵਿਲੱਖਣ ਪ੍ਰਾਪਤੀ ਵਾਲੀਆਂ ਸ਼ਖਸੀਅਤਾਂ ਅਤੇ ਵੱਖ-ਵੱਖ ਵਿਭਾਗਾਂ ਦੇ ਪ੍ਰਾਪਤੀਆਂ ਵਾਲੇ ਅਧਿਕਾਰੀਆਂ/ਕਰਮਚਾਰੀਆਂ ਦਾ ਸਨਮਾਨ ਕੀਤਾ ਜਾਵੇਗਾ। ਉਨ੍ਹਾਂ ਅਧਿਕਾਰੀਆਂ ਨੂੰ ਗਣਤੰਤਰ ਦਿਵਸ ਸਮਾਗਮ ਨੂੰ ਨਿਰਵਿਘਨ ਤੇ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਲਈ ਸਮੁੱਚੇ ਲੋੜੀਂਦੇ ਪ੍ਰਬੰਧਾਂ ਲਈ ਹੁਣੇ ਤੋਂ ਕੰਮ ਸ਼ੁਰੂ ਕਰਨ ਲਈ ਕਿਹਾ। ਉਨ੍ਹਾਂ ਦੱਸਿਆ ਕਿ ਸਮਾਗਮ ਦੌਰਾਨ ਵੱਖ-ਵੱਖ ਵਿਭਾਗਾਂ ਦੇ ਸ਼ਾਨਦਾਰ ਪ੍ਰਾਪਤੀਆਂ ਵਾਲੇ ਅਧਿਕਾਰੀਆਂ/ਕਰਮਚਾਰੀਆਂ ਦਾ ਸਨਮਾਨ ਕੀਤਾ ਜਾਣਾ ਹੈ, ਜਿਸ ਸਬੰਧੀ ਵਿਭਾਗਾਂ ਦੇ ਮੁਖੀ ਨਾਮਾਂ ਦੀਆਂ ਸੂਚੀਆਂ 19 ਜਨਵਰੀ ਤੱਕ ਭੇਜਣੀਆਂ ਯਕੀਨੀ ਬਣਾਉਣ। ਡਿਪਟੀ ਕਮਿਸ਼ਨਰ ਨੇ ਵੱਖ-ਵੱਖ ਵਿਭਾਗਾਂ ਨੂੰ ਜ਼ਿੰਮੇਵਾਰੀ ਸੌਂਪਦਿਆਂ ਨਗਰ ਨਿਗਮ ਨੂੰ ਸਮਾਗਮ ਵਾਲੇ ਸਥਾਨ ਦੇ ਨਾਲ-ਨਾਲ ਚੌਕਾਂ ਦੀ ਸਫਾਈ, ਸਜਾਵਟ, ਰੌਸ਼ਨੀ ਅਤੇ ਪੀਣ ਵਾਲੇ ਪਾਣੀ ਦੇ ਪ੍ਰਬੰਧ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਸਮਾਗਮ ਦੌਰਾਨ ਲੋਕਾਂ ਦੀ ਸਹੂਲਤ ਲਈ ਮੈਡੀਕਲ ਟੀਮਾਂ ਦੀ ਤਾਇਨਾਤੀ, ਦਵਾਈਆਂ ਅਤੇ ਐਂਬੂਲੈਂਸ ਦੇ ਪ੍ਰਬੰਧ ਕੀਤੇ ਜਾਣ। ਉਨ੍ਹਾਂ ਪੁਲਿਸ ਵਿਭਾਗ ਨੂੰ ਟ੍ਰੈਫਿਕ ਦੇ ਬਦਲਵੇਂ ਪ੍ਰਬੰਧਾਂ, ਵਾਹਨਾਂ ਦੀ ਪਾਰਕਿੰਗ, ਸੁਰੱਖਿਆ ਆਦਿ ਸਮੇਤ ਹੋਰ ਲੋੜੀਂਦੇ ਇੰਤਜ਼ਾਮ ਕਰਨ ਦੀ ਹਦਾਇਤ ਕੀਤੀ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਵਾਸੀਆਂ ਨੂੰ ਗਣਤੰਤਰ ਦਿਵਸ ਸਮਾਗਮ ਵਿੱਚ ਵਧ-ਚੜ੍ਹ ਕੇ ਸ਼ਿਰਕਤ ਕਰਨ ਦੀ ਅਪੀਲ ਵੀ ਕੀਤੀ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨ